


**ਵੈੱਬਸਾਈਟ**
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV





05

**ਅੰਦਰਲੀ ਖ਼ਬਰ**
"ਜ਼ਬਾਨਾਂ ਦਾ ਜਨਮ ਤੇ ਸਬੰਧ ਧਰਤੀ ਨਾਲ ਹੈ, ਧਰਮਾਂ ਨਾਲ ਨਹੀਂ":- ਡਾ.ਨਾਬੀਲਾ ਰਹਿਮਾਨ

**ਅੰਦਰਲੀ ਖ਼ਬਰ**
ਪੈਨਾਹਿਲ ਸੀਨੀਅਰ ਕਲੱਬ ਨੇ ਫੈਮਿਲੀ ਫਨ ਫੇਅਰ ਅਤੇ ਕਨੇਡਾ ਡੇ ਮਨਾਇਆ





07

**ਲੇਖ**
ਬਰਸਾਤ ਦੇ ਮੌਸਮ 'ਚ ਕੀ ਡੇਂਗੂ ਹੋਣ ਤੇ ਸੈਲ ਘੱਟਦੇ ਹਨ ??





PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 22 ਅਗਸਤ ਤੋਂ 28 ਅਗਸਤ, 2024 | Email :- editor@punjabstar.com, Vo. 20. Issue:1148


# ਭਾਰੀ ਮੀਂਹ ਅਤੇ ਹੜ੍ਹ ਦਾ ਕਹਿਰ

## 114 ਲੋਕਾਂ ਦੀ ਮੌਤ



ਖਾਰਟੂਮ (ਪੰਜਾਬ ਸਟਾਰ ਬਿਊਰੋ) : ਸੂਡਾਨ ਵਿਚ ਜੂਨ ਤੋਂ ਜਾਰੀ ਬਰਸਾਤੀ ਮੌਸਮ ਵਿਚ ਭਾਰੀ ਮੀਂਹ ਅਤੇ ਹੜ੍ਹਾਂ ਕਾਰਨ 114 ਲੋਕਾਂ ਦੀ ਮੌਤ ਹੋ ਗਈ ਹੈ। ਸੂਡਾਨ ਦੇ ਸਿਹਤ ਮੰਤਰਾਲੇ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਮੰਤਰਾਲੇ ਦੇ ਆਟਮ ਐਮਰਜੈਂਸੀ ਰੂਮ ਨੇ ਇਕ ਬਿਆਨ ਵਿਚ ਕਿਹਾ ਕਿ ਮਰਨ ਵਾਲਿਆਂ ਦੀ ਗਿਣਤੀ 114 ਹੋ ਗਈ ਹੈ ਜਦੋਂ ਕਿ 281 ਲੋਕ ਜ਼ਖਮੀ ਦੱਸੇ ਜਾ ਰਹੇ ਹਨ। ਦਸ ਰਾਜ ਪ੍ਰਭਾਵਿਤ ਹੋਏ ਹਨ ਜਿਸ ਨਾਲ 27,278 ਪਰਿਵਾਰਾ ਅਤੇ 110,278 ਵਿਅਕਤੀ ਪ੍ਰਭਾਵਿਤ ਹੋਏ ਹਨ।

10 ਅਗਸਤ ਨੂੰ, ਮੰਤਰਾਲੇ ਨੇ ਜੂਨ ਅਤੇ ਜੁਲਾਈ ਦੌਰਾਨ ਨੌਂ ਰਾਜਾਂ ਵਿੱਚ ਹੜ੍ਹਾਂ ਅਤੇ ਬਾਕੀ ਸਫਾ 2 'ਤੇ

## ਨਾਈਜੀਰੀਆ 'ਚ ਫ਼ੌਜ ਦੇ ਹਵਾਈ ਹਮਲਿਆਂ 'ਚ 5 ਕਮਾਂਡਰਾਂ ਸਣੇ 40 ਅੱਤਵਾਦੀਆਂ ਦੀ ਮੌਤ



ਅਬੂਜਾ : ਦੇਸ਼ ਦੇ ਉੱਤਰੀ ਸੂਬੇ ਬੋਰਨੋ 'ਚ ਨਾਈਜੀਰੀਆ ਦੀ ਹਵਾਈ ਫ਼ੌਜ ਵੱਲੋਂ ਕੀਤੇ ਗਏ ਤਾਜ਼ਾ ਫੌਜੀ ਹਵਾਈ ਹਮਲਿਆਂ 'ਚ 5 ਕਮਾਂਡਰਾਂ ਸਮੇਤ ਘੱਟੋ-ਘੱਟ 40 ਸ਼ੱਕੀ ਅੱਤਵਾਦੀ ਮਾਰੇ ਗਏ। ਇਹ ਹਵਾਈ ਹਮਲੇ 18 ਅਗਸਤ ਨੂੰ ਬੋਰਨੋ ਦੇ ਦੱਖਣੀ ਟੰਬੁਨਸ ਖੇਤਰ ਵਿਚ ਕੀਤੇ ਗਏ ਸਨ, ਜਿੱਥੇ ਸ਼ੱਕੀ ਅੱਤਵਾਦੀ ਮੁੜ ਸੰਗਠਿਤ ਹੋ ਰਹੇ ਸਨ। ਹਵਾਈ ਫ਼ੌਜ ਦੇ ਬੁਲਾਰੇ ਐਡਵਰਡ ਗੈਬਕੇਟ ਨੇ ਰਾਜਧਾਨੀ ਅਬੂਜਾ ਵਿਚ ਮੀਡੀਆ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਨੇ ਹਵਾਈ ਹਮਲਿਆਂ ਨੂੰ ਉੱਤਰ-ਪੂਰਬੀ ਖੇਤਰ 'ਚ ਸਰਗਰਮ ਅੱਤਵਾਦੀਆਂ ਨੂੰ ਹੋਰ ਕਮਜ਼ੋਰ ਕਰਨ ਦਾ ਫੈਸਲਾਕੁੰਨ ਯਤਨ ਦੱਸਿਆ ਅਤੇ ਕਿਹਾ ਕਿ ਉੱਥੇ ਬੇਕਸੂਰ ਨਾਗਰਿਕਾਂ ਅਤੇ ਫੌਜੀਆਂ ਨੂੰ ਬਚਾਇਆ ਗਿਆ ਹੈ। ਗੈਬਕੇਟ ਨੇ ਕਿਹਾ ਕਿ ਹਵਾਈ ਹਮਲੇ ਇਲਾਕੇ ਵਿਚ ਅੱਤਵਾਦੀਆਂ ਦੀ ਮੌਜੂਦਗੀ ਦੀ ਪੁਸ਼ਟੀ ਕਰਨ ਵਾਲੇ ਗੁਆਂਢੀ ਟਿਕਾਣਿਆਂ ਤੋਂ ਮਿਲੀ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਸ ਆਪਰੇਸ਼ਨ ਨਾਲ ਇਲਾਕੇ ਵਿਚ ਬਾਕੀ ਬਚੇ ਕੁਝ ਅੱਤਵਾਦੀਆਂ ਦੀ ਸੰਚਾਲਨ ਸਮਰੱਥਾ ਵਿਚ ਕਾਫੀ ਕਮੀ ਆਈ ਹੈ।

### ਕੈਨੇਡਾ 'ਚ ਪੰਜਾਬੀਆਂ ਨੇ ਕੀਤਾ ਕਾਰਾ

## ਕੈਨੇਡਾ 'ਚ 2 ਪੰਜਾਬੀਆਂ ਨੇ ਲੁੱਟਿਆ ਸਟੋਰ



ਸਰੀ (ਪੰਜਾਬ ਸਟਾਰ) : ਕੈਨੇਡਾ ਵਿਚ 2 ਪੰਜਾਬੀ ਨੌਜਵਾਨਾਂ ਨੂੰ ਸਟੋਰ ਲੁੱਟਣ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ ਜਦਕਿ ਬੀ.ਸੀ. ਦੇ ਸਰੀ ਵਿਖੇ ਇਕ ਔਰਤ ਨਾਲ ਕਥਿਤ ਤੌਰ 'ਤੇ ਅਸ਼ਲੀਲ ਹਰਕਤ ਕਰ ਕੇ ਫਰਾਰ ਹੋਏ ਪੰਜਾਬੀ ਨੌਜਵਾਨ ਦੀ ਸ਼ਨਾਖਤ ਜਤਿੰਦਰ ਸਿੰਘ ਵਜੋਂ ਕੀਤੀ ਗਈ ਹੈ ਜਦਕਿ ਸਟੋਰ ਲੁੱਟਣ ਦੇ ਮਾਮਲੇ ਵਿਚ ਗ੍ਰਿਫ਼ਤਾਰ ਨੌਜਵਾਨਾਂ ਦੀ ਸ਼ਨਾਖਤ ਸੁਖਮਨਪ੍ਰੀਤ ਸਿੰਘ ਅਤੇ ਲਵਪ੍ਰੀਤ ਸਿੰਘ ਵਜੋਂ ਹੋਈ ਹੈ। ਸਰੀ ਆਰ.ਸੀ.ਐਮ.ਪੀ. ਨੇ ਦੱਸਿਆ ਕਿ ਸੈਕਸ਼ੁਅਲ ਅਸਾਲਟ ਦਾ ਮਾਮਲੇ 140 ਸਟ੍ਰੀਟ ਨੇੜੇ 91 ਐਵੇਨਿਊ ਵਿਖੇ ਸਾਹਮਣੇ ਆਇਆ ਜਿਥੇ ਇਕ ਘਰ ਵਿਚ ਦਾਖਲ ਹੋਏ ਸ਼ੱਕੀ ਨੇ 20-25 ਸਾਲ ਦੀ ਇਕ ਔਰਤ ਨੂੰ ਜ਼ਬਰਦਸਤੀ ਕਲਾਵੇ ਵਿਚ ਲੈ ਲਿਆ। ਔਰਤ ਨੇ ਚੀਕਾਂ ਮਾਰਨੀਆਂ ਸ਼ੁਰੂ ਕੀਤੀਆਂ ਤਾਂ ਸ਼ੱਕੀ ਮੌਕੇ ਤੋਂ ਫਰਾਰ ਹੋ ਗਿਆ। 20 ਜੁਲਾਈ ਨੂੰ ਵੱਡੇ ਤੜਕੇ ਤਕਰੀਬਨ ਸਵਾ ਤਿੰਨ ਵਜੇ ਵਾਪਰੀ ਵਾਰਦਾਤ ਦੇ ਸ਼ੱਕੀ ਦੀ ਸ਼ਨਾਖਤ ਜਤਿੰਦਰ ਸਿੰਘ ਵਜੋਂ ਕੀਤੀ ਗਈ। ਜਤਿੰਦਰ ਸਿੰਘ ਨੂੰ ਸ਼ਰਤਾਂ ਦੇ ਆਧਾਰ 'ਤੇ ਜ਼ਮਾਨਤ ਦੇ ਦਿਤੀ ਗਈ ਪਰ ਲੋਕਾਂ ਨੂੰ ਸੁਚੇਤ ਕਰਨ ਲਈ ਉਸ ਦੀਆਂ ਤਸਵੀਰਾਂ ਜਨਤਕ ਕਰ ਦਿਤੀਆਂ। ਜ਼ਮਾਨਤ ਸ਼ਰਤਾਂ ਮੁਤਾਬਕ ਉਹ ਪੀੜਤ ਨਾਲ ਕਿਸੇ ਕਿਸਮ ਦਾ ਸੰਪਰਕ ਨਹੀਂ ਕਰੇਗਾ ਅਤੇ ਪੀੜਤ ਦੀ ਰਿਹਾਇਸ਼, ਕੰਮ ਵਾਲੀ ਥਾਂ, ਸਕੂਲਾਂ ਅਤੇ ਧਾਰਮਿਕ ਥਾਵਾਂ ਦੇ 50 ਮੀਟਰ ਦੇ ਦਾਇਰੇ ਵਿਚ ਦਾਖਲ ਨਹੀਂ ਹੋਵੇਗਾ।

**ਔਰਤ ਨਾਲ ਅਸ਼ਲੀਲ ਹਰਕਤ ਕਰਨ ਵਾਲਾ ਪੰਜਾਬੀ ਗ੍ਰਿਫ਼ਤਾਰ**

ਜਤਿੰਦਰ ਸਿੰਘ ਨੂੰ ਕਿਸੇ ਵੀ ਕਿਸਮ ਦਾ ਹਥਿਆਰ ਰੱਖਣ ਤੋਂ ਬਾਕੀ ਸਫਾ 2 'ਤੇ

## ਪਾਕਿ ਸ਼ੀਆ ਯਾਤਰੀਆਂ ਨੂੰ ਇਰਾਕ ਲਿਜਾ ਰਹੀ ਬੱਸ ਪਲਟੀ; 28 ਹਲਾਕ



ਤਹਿਰਾਨ : ਸ਼ੀਆ ਯਾਤਰੀਆਂ ਨੂੰ ਪਾਕਿਸਤਾਨ ਤੋਂ ਇਰਾਕ ਲਿਜਾ ਰਹੀ ਇੱਕ ਬੱਸ ਕੇਂਦਰੀ ਇਰਾਨ 'ਚ ਹਾਦਸਾਗ੍ਰਸਤ ਹੋਣ ਕਾਰਨ ਘੱਟੋ-ਘੱਟ 28 ਵਿਅਕਤੀ ਮਾਰੇ ਗਏ ਜਦਕਿ 23 ਜ਼ਖ਼ਮੀ ਹੋਏ ਹਨ। ਅਧਿਕਾਰੀਆਂ ਨੇ ਅੱਜ ਇਹ ਜਾਣਕਾਰੀ ਦਿੱਤੀ। ਇਰਾਨ ਦੀ ਸਰਕਾਰੀ ਖ਼ਬਰ ਏਜੰਸੀ 'ਇਰਨਾ' (ਆਈਆਰਐੱਨਏ) ਨੇ ਸਥਾਨਕ ਐਮਰਜੈਂਸੀ ਸਰਵਿਸ ਅਫ਼ਸਰ ਮੁਹੰਮਦ ਅਲੀ ਮਲਕਜ਼ਾਦੇਹ ਦੇ ਹਵਾਲੇ ਨਾਲ ਦੱਸਿਆ ਕਿ ਇਹ ਹਾਦਸਾ ਮੰਗਲਵਾਰ ਦੇਰ ਰਾਤ ਰਾਜਧਾਨੀ ਤਹਿਰਾਨ ਤੋਂ ਲਗਪਗ 500 ਕਿਲੋਮੀਟਰ ਦੂਰ ਦੱਖਣ-ਪੂਰਬ 'ਚ ਯਜ਼ਦ ਸੂਬੇ 'ਚ ਵਾਪਰਿਆ। ਮਲਕਜ਼ਾਦੇਹ ਮੁਤਾਬਕ ਹਾਦਸੇ 'ਚ ਜ਼ਖ਼ਮੀ ਹੋਏ 23 ਵਿਅਕਤੀਆਂ ਵਿੱਚੋਂ 14 ਗੰਭੀਰ ਹਨ।

ਉਨ੍ਹਾਂ ਦੱਸਿਆ ਕਿ ਹਾਦਸੇ ਸਮੇਂ ਬੱਸ 'ਚ ਕੁੱਲ 51 ਵਿਅਕਤੀ ਸਵਾਰ ਸਨ ਤੇ ਸਾਰੇ ਪਾਕਿਸਤਾਨੀ ਹਨ। ਇਰਾਨ ਦੇ ਸਰਕਾਰੀ ਨਿਊਜ਼ ਚੈਨਲ ਨੇ ਹਾਦਸਾਗ੍ਰਸਤ ਬੱਸ ਦੀਆਂ ਤਸਵੀਰਾਂ ਨਸ਼ਰ ਕੀਤੀਆਂ ਹਨ ਜਿਨ੍ਹਾਂ ਵਿੱਚ ਬੱਸ ਬੁਰੀ ਤਰ੍ਹਾਂ ਨੁਕਸਾਨੀ ਹੋਈ ਅਤੇ ਛੱਤ ਤੇ ਖੁੱਲ੍ਹੀਆਂ ਬਾਰੀਆਂ ਦਿਖਾਈ ਬਾਕੀ ਸਫਾ 2 'ਤੇ

## ਰੋਨਾਲਡੋ ਨੇ ਬਣਾਇਆ ਵਿਸ਼ਵ ਰਿਕਾਰਡ

### YouTube ਚੈਨਲ ਲਾਂਚ ਕਰਨ ਤੋਂ ਬਾਅਦ 90 ਮਿੰਟਾਂ 'ਚ ਹੋਏ 10 ਲੱਖ ਸਬਸਕ੍ਰਾਈਬਰਸ



ਪੁਰਤਗਾਲ (ਪੰਜਾਬ ਸਟਾਰ): ਪੁਰਤਗਾਲ ਦੇ ਮਹਾਨ ਫੁੱਟਬਾਲਰ ਕ੍ਰਿਸਟੀਆਨੋ ਰੋਨਾਲਡੋ ਨੇ ਬੁੱਧਵਾਰ ਨੂੰ ਆਪਣਾ ਯੂਟਿਊਬ ਚੈਨਲ ਲਾਂਚ ਕੀਤਾ। ਰੀਅਲ ਮੈਡ੍ਰਿਡ ਦੇ ਸਾਬਕਾ ਸਟਾਰ ਦੇ ਪ੍ਰਸ਼ੰਸਕ ਉਸਦੇ ਚੈਨਲ ਨੂੰ ਸਬਸਕ੍ਰਾਈਬ ਕਰਨ ਅਤੇ ਇਸ ਬਾਰੇ ਹੋਰ ਜਾਣਨ ਲਈਂ ਠੁਬਏ 'ਤੇ ਆਉਂਦੇ ਹਨ ਕਿ ਉਹ ਆਪਣੀ ਜ਼ਿੰਦਗੀ ਕਿਵੇਂ ਜਿਉਂਦਾ ਹੈ। ਪ੍ਰਸ਼ੰਸਕਾਂ ਦੀ ਉਤਸੁਕਤਾ ਇੰਨੀ ਸੀ ਕਿ ਰੋਨਾਲਡੋ ਨੇ ਸਭ ਤੋਂ ਤੇਜ਼ੀ ਨਾਲ 10 ਲੱਖ ਜਾਂ 10 ਲੱਖ ਸਬਸਕ੍ਰਾਈਬਰਸ ਦਾ ਯੂਟਿਊਬ ਦਾ ਰਿਕਾਰਡ ਤੋੜ ਦਿੱਤਾ। ਰੋਨਾਲਡੋ ਨੇ ਇਹ ਉਪਲਬਧੀ ਸਿਰਫ 90 ਮਿੰਟਾਂ 'ਚ ਹਾਸਲ ਕੀਤੀ।

ਖ਼ਬਰ ਲਿਖੇ ਜਾਣ ਤੱਕ ਰੋਨਾਲਡੋ ਦੇ ਚੈਨਲ 'ਤੇ 13 ਮਿਲੀਅਨ ਤੋਂ ਵੱਧ ਸਬਸਕ੍ਰਾਈਬਰ ਹਨ। ਫੁਟਬਾਲ ਸਟਾਰ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟਸ ਰਾਹੀਂ ਆਪਣੇ ਯੂਟਿਊਬ ਚੈਨਲ ਨੂੰ ਲਾਂਚ ਕਰਨ ਦਾ ਐਲਾਨ ਕੀਤਾ ਸੀ, ਜਿੱਥੇ ਉਸ ਦੇ ਬਹੁਤ ਜ਼ਿਆਦਾ ਫਾਲੋਅਰਸ ਹਨ। ਰੋਨਾਲਡੋ ਦੇ 'ਐਕਸ' ਪਲੇਟਫਾਰਮ 'ਤੇ 112.5 ਮਿਲੀਅਨ ਫਾਲੋਅਰਜ਼, ਫੇਸਬੁੱਕ 'ਤੇ 170 ਮਿਲੀਅਨ ਫਾਲੋਅਰਜ਼ ਅਤੇ ਇੰਸਟਾਗ੍ਰਾਮ ਬਾਕੀ ਸਫਾ 2 'ਤੇ

## ਕੈਨੇਡਾ ਦੇ ਮੁਸਲਮਾਨ ਆਗੂਆਂ ਵੱਲੋਂ ਟਰੂਡੋ ਨਾਲ ਮੁਲਾਕਾਤ ਤੋਂ ਇਨਕਾਰ



ਮੌਂਟਰੀਅਲ : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਭਾਰੀ ਨਮੋਸ਼ੀ ਝੱਲਣੀ ਪਈ ਜਦੋਂ ਕੈਨੇਡੀਅਨ ਮੁਸਲਮਾਨ ਭਾਈਚਾਰੇ ਦੇ ਆਗੂਆਂ ਨੇ ਉਨ੍ਹਾਂ ਨਾਲ ਮੁਲਾਕਾਤ ਕਰਨ ਤੋਂ ਸਾਫ਼ ਨਾਂਹ ਕਰ ਦਿਤੀ। ਕਿਊਬੈਕ ਦੇ ਲਾਸਾਲ ਇਲਾਕੇ ਵਿਚ ਹੋਣ ਵਾਲੀ ਜ਼ਿਮਨੀ ਚੋਣ ਦੇ ਮੱਦੇਨਜ਼ਰ ਮੁਸਲਮਾਨ ਆਗੂਆਂ ਨਾਲ ਰੱਖੀ ਮੀਟਿੰਗ ਆਖਰਕਾਰ ਰੱਦ ਕਰਨੀ ਪਈ। ਸੀ.ਬੀ.ਸੀ. ਦੀ ਰਿਪੋਰਟ ਮੁਤਾਬਕ ਨੈਸ਼ਨਲ ਕੌਂਸਲ ਆਫ ਕੈਨੇਡੀਅਨ ਮੁਸਲਿਮਜ਼ ਨੇ ਕਿਹਾ ਕਿ ਗਾਜ਼ਾ ਦੇ ਹਾਲਾਤ ਅਤੇ ਕੈਨੇਡਾ ਵਿਚ ਲਗਾਤਾਰ ਵਧ ਰਹੇ ਇਸਲਾਮੋਫੋਬੀਆ ਦੇ ਮੱਦੇਨਜ਼ਰ ਭਾਈਚਾਰੇ ਦੇ ਜ਼ਿਆਦਾਤਰ ਮੈਂਬਰ ਗੁੱਸੇ ਵਿਚ ਹਨ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਸਰਕਾਰ ਇਨ੍ਹਾਂ ਮਸਲਿਆਂ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ। ਫਿਲਹਾਲ ਇਹ ਪਤਾ ਨਹੀਂ ਲੱਗ ਸਕਿਆ ਕਿ ਕਿੰਨੇ ਆਗੂਆਂ ਨੂੰ ਸੱਦਿਆ ਗਿਆ ਸੀ। ਸੂਤਰਾਂ ਨੇ ਦੱਸਿਆ ਕਿ ਲਵਾਲ-ਲੈਸ-ਈਲ ਤੋਂ ਐਮ.ਪੀ. ਫਾਇਕਲ ਅਲ ਖਾਉਰੀ ਵੱਲੋਂ ਮੀਟਿੰਗ ਵਿਚ ਸ਼ਾਮਲ ਹੋਣ ਲਈ ਜ਼ੁਬਾਨੀ ਸੱਦੇ ਭੇਜੇ ਗਏ ਸਨ। ਮਹਿਮਾਨਾਂ ਨੂੰ ਲਵਾਲ ਦੇ ਸ਼ੈਟੂ ਰਾਯਲ ਹਾਲ ਵਿਚ ਬੁੱਧਵਾਰ ਨੂੰ ਬਾਅਦ ਦੁਪਹਿਰ ਤਿੰਨ ਵਜੇ ਮੀਟਿੰਗ ਵਾਸਤੇ ਸੱਦਿਆ ਗਿਆ ਸੀ।

**ਕੈਨੇਡਾ ਦੇ ਮੁਸਲਮਾਨ ਆਗੂਆਂ ਵੱਲੋਂ ਟਰੂਡੋ ਨਾਲ ਮੁਲਾਕਾਤ ਤੋਂ ਇਨਕਾਰ**

ਪ੍ਰਧਾਨ ਮੰਤਰੀ ਬਾਕੀ ਸਫਾ 2 'ਤੇ

## ਅਮਰੀਕਾ ਕਮਲਾ ਹੈਰਿਸ ਨੂੰ ਰਾਸ਼ਟਰਪਤੀ ਬਣਾਉਣ ਲਈ ਤਿਆਰ: ਓਬਾਮਾ



ਸ਼ਿਕਾਗੋ : ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਅਮਰੀਕੀ ਵੋਟਰ ਮੁਲਕ ਦੀ ਮੌਜੂਦਾ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਆਪਣਾ ਰਾਸ਼ਟਰਪਤੀ ਚੁਣ ਕੇ ਵਧੀਆ ਦਾਸਤਾਨ ਲਿਖਣ ਲਈ ਤਿਆਰ ਹਨ। ਹੈਰਿਸ ਦੀ ਜ਼ੋਰਦਾਰ ਹਮਾਇਤ ਕਰਦਿਆਂ ਓਬਾਮਾ ਨੇ ਕਿਹਾ ਕਿ ਅਮਰੀਕੀ ਕਮਲਾ ਦੇ ਬਾਕੀ ਸਫਾ 2 'ਤੇ




**ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ**
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

**Canada Consumer Credit Assistance** ਕਰਜ਼ਾ ਰਹਿਤ ਜ਼ਿੰਦਗੀ ਜੀਓ



ਕਰਜ਼ੇ ਦੀ ਸਿਰਦਰਦੀ ?
www.MakeMeDebtFree.ca

- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7

**A-One Truck & Trailer Repair**
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
647-808-9569,
416-388-1605
ਵਾਜ਼ਬ ਕੀਮਤ
ਵਧੀਆ ਸਰਵਿਸ
1246 Aimco Blvd, Mississauga, ON L4W 1B2



**Gill Tire Centre**
ਟਰੱਕਾਂ ਦੇ ਟਾਇਰ ਵਾਜ਼ਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605

**FOR ALL YOUR REAL ESTATE NEEDS**



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned & Operated
Ph: 905-456-9090



Vik Mehmi
Broker
416-500-6262

# ਅਮਰੀਕਾ 'ਚ ਭਾਰਤੀ ਡਾਕਟਰ ਗ੍ਰਿਫ਼ਤਾਰ

## ਬੱਚਿਆਂ ਅਤੇ ਔਰਤਾਂ ਦੀਆਂ ਬਣਾਉਂਦਾ ਸੀ ਨਗਨ ਵੀਡੀਓ, ਹਾਰਡ ਡਰਾਈਵ 'ਚੋਂ ਮਿਲੀਆਂ 13000 ਵੀਡੀਓ



ਅਮਰੀਕਾ 'ਚ ਕਈ ਸਾਲਾਂ ਤੋਂ ਬੱਚਿਆਂ ਅਤੇ ਔਰਤਾਂ ਦੀਆਂ ਸੈਂਕੜੇ ਨਗਨ ਤਸਵੀਰਾਂ ਖਿੱਚਣ ਅਤੇ ਵੀਡੀਉ ਬਣਾਉਣ ਦੇ ਦੋਸ਼ 'ਚ ਇਕ 40 ਸਾਲ ਦੇ ਭਾਰਤੀ ਡਾਕਟਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਮੀਡੀਆ ਰੀਪੋਰਟ 'ਚ ਇਹ ਜਾਣਕਾਰੀ ਦਿਤੀ ਗਈ।

ਫਾਕਸ ਨਿਊਜ਼ ਟੀ.ਵੀ. ਚੈਨਲ ਦੀ ਰੀਪੋਰਟ ਅਨੁਸਾਰ ਓਮੇਰ ਏਜਾਜ਼ ਨੂੰ 8 ਅਗੱਸਤ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਟੀ.ਵੀ. ਚੈਨਲ ਮੁਤਾਬਕ ਇਜਾਜ਼ ਨੇ ਕਪੜੇ ਬਦਲਣ ਦੀ ਥਾਂ, ਜਿਵੇਂ ਬਾਥਰੂਮ, ਹਸਪਤਾਲ ਦੇ ਕਮਰਿਆਂ ਅਤੇ ਇੱਥੋਂ ਤਕ ਕਿ ਅਪਣੇ ਘਰ 'ਚ ਕਈ ਥਾਵਾਂ 'ਤੇ ਕੈਮਰੇ ਲੁਕਾਏ ਹੋਏ ਸਨ।

ਨਿਊਜ਼ ਚੈਨਲ ਮੁਤਾਬਕ ਉਸ ਨੇ ਦੋ ਸਾਲ ਦੀ ਉਮਰ ਦੇ ਬੱਚਿਆਂ ਦੀਆਂ ਤਸਵੀਰਾਂ ਲਈਆਂ ਅਤੇ ਵੀਡੀਉ ਬਣਾਏ। ਇਜਾਜ਼ ਦੀ ਪਤਨੀ ਨੂੰ ਇਹ ਇਤਰਾਜ਼ਯੋਗ ਸਮੱਗਰੀ ਮਿਲੀ ਜਿਸ ਤੋਂ ਬਾਅਦ ਅਧਿਕਾਰੀਆਂ ਨੂੰ ਉਸ ਦੇ ਅਪਰਾਧਾਂ ਬਾਰੇ ਪਤਾ ਲੱਗਿਆ। ਉਦੋਂ ਤਕ ਉਸ ਦਾ ਕੋਈ ਅਪਰਾਧਕ ਇਤਿਹਾਸ ਨਹੀਂ ਸੀ।

ਓਕਲੈਂਡ ਕਾਊਂਟੀ ਸ਼ੈਰਿਫ ਨੇ ਮੰਗਲਵਾਰ ਨੂੰ ਕਿਹਾ ਕਿ ਉਸ ਨੇ ਕਥਿਤ ਤੌਰ 'ਤੇ ਕਈ ਔਰਤਾਂ ਨਾਲ ਸੈਕਸ ਵੀ ਕੀਤਾ ਜਦੋਂ ਉਹ ਬੇਹੋਸ਼ ਜਾਂ ਸੁੱਤੀਆਂ ਹੋਈਆਂ ਸਨ। ਸ਼ੈਰਿਫ ਮਾਈਕ ਬੋਚਰਡ ਨੇ ਕਿਹਾ ਕਿ ਮਾਮਲੇ ਦੀ ਜਾਂਚ ਵਿਚ ਕਈ ਮਹੀਨੇ ਲੱਗਣਗੇ। ਅਧਿਕਾਰੀਆਂ ਨੂੰ ਸ਼ੱਕ ਹੈ ਕਿ ਕਈ ਹੋਰ ਪੀੜਤ ਹੋ ਸਕਦੇ ਹਨ ਕਿਉਂਕਿ ਜਾਂਚਕਰਤਾ ਅਮਰੀਕਾ ਦੇ ਮਿਸ਼ੀਗਨ ਸੂਬੇ ਦੇ ਓਕਲੈਂਡ ਕਾਊਂਟੀ ਦੇ ਸ਼ਹਿਰ ਰੋਚੇਸਟਰ ਹਿਲਸ ਵਿਚ ਡਾਕਟਰ ਦੇ ਘਰ ਤੋਂ ਮਿਲੇ ਹਜ਼ਾਰਾਂ ਵੀਡੀਉ ਦੀ ਸਮੀਖਿਆ ਕਰ ਰਹੇ ਹਨ।

ਇਜਾਜ਼ ਨੂੰ ਉਸ ਦੇ ਘਰੋਂ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਉਸ ਨਾਲ ਜੁੜੇ ਟਿਕਾਣਿਆਂ ਦੀ ਤਲਾਸ਼ੀ ਲਈ ਕਈ ਵਾਰੰਟ ਜਾਰੀ ਕੀਤੇ ਗਏ ਹਨ। ਬੋਚਰਡ ਨੇ ਕਿਹਾ ਕਿ ਕੰਪਿਊਟਰ, ਫੋਨ ਅਤੇ 15 ਬਾਹਰੀ ਉਪਕਰਨ ਮਿਲੇ ਹਨ ਅਤੇ ਸਿਰਫ ਇਕ ਹਾਰਡ ਡਰਾਈਵ ਵਿਚ 13,000 ਵੀਡੀਉ ਸਨ। ਇਜਾਜ਼ 2011 'ਚ ਵਰਕ ਵੀਜ਼ਾ 'ਤੇ ਭਾਰਤ ਤੋਂ ਅਮਰੀਕਾ ਆਇਆ ਸੀ। ਉਹ ਭਾਰਤ ਦਾ ਨਾਗਰਿਕ ਹੈ।

# RG ਕਰ ਹਸਪਤਾਲ ਦੀ ਸੁਰੱਖਿਆ ਹੋਵੇਗੀ CISF ਹਵਾਲੇ,

## ਕੇਂਦਰੀ ਗ੍ਰਹਿ ਮੰਤਰਾਲੇ ਨੇ ਜਾਰੀ ਕੀਤਾ ਹੁਕਮ




ਕੇਂਦਰੀ ਗ੍ਰਹਿ ਮੰਤਰਾਲੇ ਨੇ ਕੋਲਕਾਤਾ ਸਥਿਤ ਆਰ.ਜੀ. ਕਰ ਮੈਡੀਕਲ ਕਾਲਜ ਅਤੇ ਹਸਪਤਾਲ ਦੀ ਸੁਰੱਖਿਆ ਲਈ ਕੇਂਦਰੀ ਉਦਯੋਗਿਗ ਸੁਰੱਖਿਆ ਬਲ (ਸੀ.ਆਈ.ਐਸ.ਐਫ.) ਦੀ ਤੈਨਾਤੀ ਲਈ ਬੁਧਵਾਰ ਨੂੰ ਪਛਮੀ ਬੰਗਾਲ ਦੀ ਮੁੱਖ ਸਕੱਤਰ ਨੂੰ ਚਿੱਠੀ ਲਿਖੀ। ਗ੍ਰਹਿ ਮੰਤਰਾਲੇ ਨੇ ਸੁਪਰੀਮ ਕੋਰਟ ਦੇ ਹੁਕਮ 'ਤੇ ਕੇਂਦਰੀ ਫੋਰਸ ਨੂੰ ਇਹ ਹੁਕਮ ਦਿਤੇ ਹਨ। ਡੀ.ਆਈ.ਜੀ. ਪੱਧਰ ਦੇ ਅਧਿਕਾਰੀ ਦੀ ਅਗਵਾਈ ਵਾਲੀ ਸੀ.ਆਈ.ਐਸ.ਐਫ. ਦੀ ਟੀਮ ਨੇ ਬੁਧਵਾਰ ਸਵੇਰੇ ਹਸਪਤਾਲ ਦਾ ਨਿਰੀਖਣ ਕੀਤਾ ਜਿੱਥੇ ਕੁੱਝ ਦਿਨ ਪਹਿਲਾਂ 31 ਸਾਲ ਦੀ ਸਿਖਾਂਦਰੂ ਮਹਿਲਾ ਡਾਕਟਰ ਨਾਲ ਕਥਿਤ ਤੌਰ 'ਤੇ ਜਬਰ ਜਨਾਹ ਅਤੇ ਕਤਲ ਕੀਤਾ ਗਿਆ ਸੀ। ਸੂਤਰਾਂ ਨੇ ਦਸਿਆ ਕਿ ਗ੍ਰਹਿ ਮੰਤਰਾਲੇ ਨੇ ਪਛਮੀ ਬੰਗਾਲ ਦੇ ਮੁੱਖ ਸਕੱਤਰ ਨੂੰ ਚਿੱਠੀ ਲਿਖ ਕੇ ਹਸਪਤਾਲ 'ਚ ਸੀ.ਆਈ.ਐਸ.ਐਫ. ਦੀ ਤੈਨਾਤੀ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਇਹ ਫੋਰਸ ਰੈਜ਼ੀਡੈਂਟ ਡਾਕਟਰਾਂ ਦੇ ਹੋਸਟਲਾਂ ਦੀ ਵੀ ਰਾਖੀ ਕਰੇਗੀ। ਸੂਤਰਾਂ ਨੇ ਦਸਿਆ ਕਿ ਅਰਧ ਸੈਨਿਕ ਬਲ ਦੀ ਇਕ ਹਥਿਆਰਬੰਦ ਟੀਮ ਜਲਦੀ ਹੀ ਤਾਇਨਾਤ ਕੀਤੀ ਜਾਵੇਗੀ। ਮਹਿਲਾ ਡਾਕਟਰ ਦੀ ਲਾਸ਼ 9 ਅਗੱਸਤ ਦੀ ਸਵੇਰ ਨੂੰ ਹਸਪਤਾਲ ਦੇ ਆਡੀਟੋਰੀਅਮ 'ਚ ਮਿਲੀ ਸੀ। ਇਸ ਮਾਮਲੇ 'ਚ 10 ਅਗੱਸਤ ਨੂੰ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਜੋ ਅਕਸਰ ਹਸਪਤਾਲ 'ਚ ਆਉਂਦਾ ਰਹਿੰਦਾ ਸੀ। ਇਸ ਘਟਨਾ ਤੋਂ ਬਾਅਦ ਦੇਸ਼ ਭਰ 'ਚ ਮੈਡੀਕਲ ਸੇਵਾਵਾਂ ਪ੍ਰਭਾਵਤ ਹੋਈਆਂ ਹਨ ਅਤੇ ਵੱਖ-ਵੱਖ ਸੰਗਠਨਾਂ ਦੇ ਬੈਨਰ ਹੇਠ ਸੈਂਕੜੇ ਡਾਕਟਰ ਅਪਣੀ ਸੁਰੱਖਿਆ ਦੀ ਮੰਗ ਨੂੰ ਲੈ ਕੇ ਹੜਤਾਲ 'ਤੇ ਹਨ। ਸੁਪਰੀਮ ਕੋਰਟ ਨੇ ਡਾਕਟਰਾਂ ਅਤੇ ਸਿਹਤ ਸੰਭਾਲ ਪੇਸ਼ੇਵਰਾਂ ਦੀ ਸੁਰੱਖਿਆ ਅਤੇ ਸਹੂਲਤਾਂ ਨੂੰ ਯਕੀਨੀ ਬਣਾਉਣ ਲਈ ਕੌਮੀ ਪ੍ਰੋਟੋਕੋਲ ਤਿਆਰ ਕਰਨ ਲਈ ਮੰਗਲਵਾਰ ਨੂੰ 10 ਮੈਂਬਰੀ ਕੌਮੀ ਟਾਸਕ ਫੋਰਸ (ਐਨ.ਟੀ.ਐਫ.) ਦਾ ਗਠਨ ਕੀਤਾ। ਸੁਪਰੀਮ ਕੋਰਟ ਨੇ ਡਾਕਟਰਾਂ ਨੂੰ ਸੁਰੱਖਿਆ ਦੇਣ ਲਈ ਹਸਪਤਾਲ 'ਚ ਸੀ.ਆਈ.ਐਸ.ਐਫ. ਤਾਇਨਾਤ ਕਰਨ ਦੇ ਵੀ ਹੁਕਮ ਦਿਤਾ ਸੀ।

# ਬਲਿੰਕਨ ਪਰਤੇ ਅਮਰੀਕਾ, ਇਜ਼ਰਾਈਲ ਤੇ ਹਮਾਸ ਜੰਗਬੰਦੀ ਸਮਝੌਤੇ 'ਤੇ ਪਹੁੰਚਣ 'ਚ ਫਿਰ ਅਸਫ਼ਲ



ਅਮਰੀਕਾ (ਪੰਜਾਬ ਸਟਾਰ) ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਗਾਜ਼ਾ 'ਚ ਜੰਗ ਸ਼ੁਰੂ ਹੋਣ ਤੋਂ ਬਾਅਦ ਮੱਧ ਪੂਰਬ ਦੀ ਅਪਣੀ ਨੌਵੀਂ ਯਾਤਰਾ ਖਤਮ ਕਰ ਦਿਤੀ ਹੈ ਪਰ ਇਜ਼ਰਾਈਲ ਅਤੇ ਹਮਾਸ ਵਿਚਾਲੇ ਜੰਗਬੰਦੀ ਸਮਝੌਤਾ ਨਹੀਂ ਹੋ ਸਕਿਆ। ਬਲਿੰਕਨ ਨੇ ਮੰਗਲਵਾਰ ਨੂੰ ਕਿਹਾ ਕਿ ਹਮਾਸ ਅਤੇ ਇਜ਼ਰਾਈਲ ਵਲੋਂ ਚੁਨੌਤੀਆਂ ਬਰਕਰਾਰ ਰਹਿਣ ਦੇ ਸੰਕੇਤ ਦਿਤੇ ਜਾਣ ਵਿਚਕਾਰ 'ਇਸੇ ਸਮੇਂ ਸਮਝੌਤੇ ਨੂੰ ਪੂਰਾ ਕਰਨਾ ਬਹੁਤ ਮਹੱਤਵਪੂਰਨ' ਹੈ। ਬਲਿੰਕਨ ਨੇ ਵਿਚੋਲਗੀ ਕਰਵਾਉਣ ਵਾਲੇ ਮਿਸਰ ਅਤੇ ਕਤਰ 'ਚ ਬੈਠਕਾਂ ਤੋਂ ਬਾਅਦ ਕਿਹਾ ਕਿਹਾ ਕਿਉਂਕਿ ਇਜ਼ਰਾਈਲ ਨੇ ਹਮਾਸ ਨਾਲ ਮਤਭੇਦਾਂ ਨੂੰ ਦੂਰ ਕਰਨ ਦੇ ਪ੍ਰਸਤਾਵ ਨੂੰ ਮਨਜ਼ੂਰ ਕਰ ਲਿਆ ਹੈ, ਇਸ ਲਈ ਹੁਣ ਧਿਆਨ ਹਮਾਸ ਨੂੰ ਨਾਲ ਲਿਆਉਣ ਲਈ ਹਰ ਸੰਭਵ ਕੋਸ਼ਿਸ਼ ਕਰਨ 'ਤੇ ਹੈ ਅਤੇ ਇਹ ਯਕੀਨੀ ਬਣਾਉਣ 'ਤੇ ਹੈ ਕਿ ਦੋਵੇਂ ਪੱਖ ਸਮਝੌਤੇ ਨੂੰ ਲਾਗੂ ਕਰਨ ਦੇ ਪ੍ਰਮੁੱਖ ਨੁਕਤਿਆਂ 'ਤੇ ਸਹਿਮਤ ਹੋਣ। ਉਨ੍ਹਾਂ ਨੇ ਕਤਰ ਰਵਾਨਾ ਹੋਣ ਤੋਂ ਪਹਿਲਾਂ ਉਨ੍ਹਾਂ ਨੇ ਪੱਤਰਕਾਰਾਂ ਨੂੰ ਕਿਹਾ, ''ਸਾਡਾ ਸੰਦੇਸ਼ ਸਰਲ, ਸਪੱਸ਼ਟ ਅਤੇ ਜ਼ਰੂਰੀ ਹੈ।''

ਬਲਿੰਕਨ ਨੇ ਕਿਹਾ, ''ਸਾਨੂੰ ਜੰਗਬੰਦੀ ਅਤੇ ਬੰਧਕਾਂ ਦੀ ਰਿਹਾਈ ਦੇ ਸਮਝੌਤੇ ਨੂੰ ਅੰਤਿਮ ਰੂਪ ਦੇਣ ਦੀ ਜ਼ਰੂਰਤ ਹੈ ਅਤੇ ਸਾਨੂੰ ਹੁਣ ਅਜਿਹਾ ਕਰਨਾ ਹੋਵੇਗਾ। ਇਸ ਨੂੰ ਹੁਣੇ ਕਰਨਾ ਮਹੱਤਵਪੂਰਨ ਹੈ।'' ਈਰਾਨ ਅਤੇ ਲੇਬਨਾਨ ਵਿਚ ਹਮਾਸ ਅਤੇ ਹਿਜ਼ਬੁੱਲਾ ਦੇ ਦੋ ਚੋਟੀ ਦੇ ਕਮਾਂਡਰਾਂ ਦੀ ਹਾਲ ਹੀ ਵਿਚ ਨਿਸ਼ਾਨਾ ਬਣਾ ਕੇ ਕੀਤੀ ਗਈ ਹੱਤਿਆ ਤੋਂ ਬਾਅਦ ਸਮਝੌਤੇ ਦੀ ਜ਼ਰੂਰਤ ਹੋਰ ਵਧ ਗਈ ਹੈ। ਦੋਹਾਂ ਕਮਾਂਡਰਾਂ ਦੀ ਹੱਤਿਆ ਪਿੱਛੇ ਇਜ਼ਰਾਈਲ ਦਾ ਹੱਥ ਦਸਿਆ ਜਾ ਰਿਹਾ ਹੈ। ਦੂਜੇ ਪਾਸੇ, ਈਰਾਨ ਅਤੇ ਹਿਜ਼ਬੁੱਲਾ ਨੇ ਦੋਹਾਂ ਕਮਾਂਡਰਾਂ ਦੀ ਮੌਤ ਦਾ ਬਦਲਾ ਲੈਣ ਦਾ ਅਹਿਦ ਲਿਆ ਹੈ, ਜਿਸ ਨਾਲ ਮੱਧ ਪੂਰਬ 'ਚ ਚੱਲ ਰਹੇ ਤਣਾਅ ਦੇ ਪੂਰਨ ਜੰਗ 'ਚ ਬਦਲਣ ਦੀ ਸੰਭਾਵਨਾ ਵਧ ਗਈ ਹੈ।

ਹਮਾਸ ਨੇ ਮੰਗਲਵਾਰ ਨੂੰ ਕਿਹਾ ਕਿ ਇਹ ਪ੍ਰਸਤਾਵ ਉਸ ਸਮਝੌਤੇ ਦੇ ਉਲਟ ਹੈ ਜਿਸ 'ਤੇ ਉਹ ਪਹਿਲਾਂ ਸਹਿਮਤ ਹੋਇਆ ਸੀ। ਉਨ੍ਹਾਂ ਨੇ ਅਮਰੀਕਾ 'ਤੇ ਇਜ਼ਰਾਈਲ ਦੀਆਂ ਨਵੀਆਂ ਸ਼ਰਤਾਂ ਨੂੰ ਮਨਜ਼ੂਰ ਕਰਨ ਦਾ ਦੋਸ਼ ਲਾਇਆ। ਅਮਰੀਕਾ ਵਲੋਂ ਤੁਰਤ ਕੋਈ ਪ੍ਰਤੀਕਿਰਿਆ ਨਹੀਂ ਆਈ। ਮਿਸਰ ਵਿਚ ਬੈਠਕਾਂ ਤੋਂ ਪਹਿਲਾਂ ਬਲਿੰਕਨ ਨੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨਾਲ ਵੀ ਮੁਲਾਕਾਤ ਕੀਤੀ। ਹਮਾਸ ਦੇ ਅਤਿਵਾਦੀਆਂ ਨੇ 7 ਅਕਤੂਬਰ ਨੂੰ ਇਜ਼ਰਾਈਲ 'ਤੇ ਹਮਲਾ ਕੀਤਾ ਸੀ, ਜਿਸ ਵਿਚ ਲਗਭਗ 1,200 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿਚ ਜ਼ਿਆਦਾਤਰ ਆਮ ਨਾਗਰਿਕ ਸਨ ਅਤੇ ਲਗਭਗ 250 ਨੂੰ ਅਗਵਾ ਕਰ ਲਿਆ ਗਿਆ ਸੀ। ਬਲਿੰਕਨ ਅਤੇ ਨੇਤਨਯਾਹੂ ਵਿਚਾਲੇ ਹੋਈ ਬੈਠਕ ਦੌਰਾਨ ਇਜ਼ਰਾਈਲ ਦੀ ਫੌਜ ਨੇ ਕਿਹਾ ਕਿ ਉਸ ਨੂੰ ਹਮਾਸ ਵਲੋਂ ਬੰਧਕ ਬਣਾਏ ਗਏ ਛੇ ਲੋਕਾਂ ਦੀਆਂ ਲਾਸ਼ਾਂ ਮਿਲੀਆਂ ਹਨ।

## ਏਮਸ ਵੱਲੋਂ ਸੁਰੱਖਿਆ ਬਾਰੇ ਦੋ ਕਮੇਟੀਆਂ ਦਾ ਗਠਨ

ਨਵੀਂ ਦਿੱਲੀ: ਏਮਜ਼ ਦਿੱਲੀ ਪ੍ਰਸ਼ਾਸਨ ਨੇ ਅੱਜ ਹੜਤਾਲੀ ਰੈਜ਼ੀਡੈਂਟ ਡਾਕਟਰਾਂ ਨੂੰ ਮਰੀਜ਼ਾਂ ਦੀ ਦੇਖਭਾਲ ਦੇ ਹਿੱਤ ਵਿੱਚ ਡਿਊਟੀ ਮੁੜ ਸ਼ੁਰੂ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਕੈਂਪਸ ਦੇ ਅੰਦਰ ਸੁਰੱਖਿਆ ਅਤੇ ਸੁਰੱਖਿਆ ਉਪਾਵਾਂ ਦਾ ਮੁਲਾਂਕਣ ਕਰਨ ਲਈ ਅੰਦਰੂਨੀ ਸੁਰੱਖਿਆ ਆਡਿਟ ਕਰਵਾਇਆ ਜਾਵੇਗਾ। ਇੰਸਟੀਚਿਊਟ ਵਿੱਚ ਸੁਰੱਖਿਆ ਦੇ ਮੁੱਦਿਆਂ ਅਤੇ ਡਾਕਟਰਾਂ ਦੀਆਂ ਹੋਰ ਚਿੰਤਾਵਾਂ ਨੂੰ ਦੇਖਣ ਲਈ ਪ੍ਰਸ਼ਾਸਨ ਵੱਲੋਂ ਦੋ ਕਮੇਟੀਆਂ ਦਾ ਗਠਨ ਵੀ ਕੀਤਾ ਗਿਆ ਹੈ। ਕੋਲਕਾਤਾ ਦੇ ਇੱਕ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਇੱਕ ਮਹਿਲਾ ਸਿਖਿਆਰਥੀ ਡਾਕਟਰ ਨਾਲ ਕਥਿਤ ਜਬਰ-ਜਨਾਹ ਅਤੇ ਹੱਤਿਆ ਤੋਂ ਬਾਅਦ ਏਮਜ਼ ਦੇ ਰੈਜ਼ੀਡੈਂਟ ਡਾਕਟਰ ਸਿਹਤ ਕਰਮਚਾਰੀਆਂ ਦੀ ਸੁਰੱਖਿਆ ਲਈ ਕੇਂਦਰੀ ਕਾਨੂੰਨ ਬਣਾਉਣ ਦੀ ਮੰਗ ਨੂੰ ਲੈ ਕੇ ਹੜਤਾਲ 'ਤੇ ਹਨ। ਸੁਰੱਖਿਆ ਆਡਿਟ ਤੋਂ ਇਲਾਵਾ ਏਮਜ਼ ਪ੍ਰਸ਼ਾਸਨ ਨੇ ਪਾਇਲਟ ਆਧਾਰ 'ਤੇ ਮਦਰ ਐਂਡ ਚਾਈਲਡ ਬਲਾਕ ਦੇ ਮੁੱਖ ਐਂਟਰੀ ਅਤੇ ਐਗਜ਼ਿਟ ਪੁਆਇੰਟਾਂ 'ਤੇ ਸੀਸੀਟੀਵੀ ਕੈਮਰੇ ਲਗਾਉਣ ਦਾ ਫੈਸਲਾ ਕੀਤਾ ਹੈ। ਅਜਿਹੇ ਕੈਮਰੇ ਚਿਹਰੇ ਦੀ ਪਛਾਣ ਕਰਨ ਵਾਲੀ ਤਕਨੀਕ ਨਾਲ ਸਾਰੇ ਵਿਜ਼ਟਰਾਂ ਨੂੰ ਪਛਾਣਨ ਦੇ ਯੋਗ ਹੋਣਗੇ ਅਤੇ ਸੁਰੱਖਿਆ ਅਮਲੇ ਨੂੰ ਅਕਸਰ ਦਾਖਲ ਹੋਣ ਅਤੇ ਬਾਹਰ ਜਾਣ ਵਾਲੇ ਵਿਅਕਤੀਆਂ ਦੀ ਪਛਾਣ ਕਰਨ ਵਿੱਚ ਮਦਦ ਕਰਨਗੇ। ਏਮਜ਼ ਦੇ ਨਿਰਦੇਸ਼ਕ ਡਾਕਟਰ ਵੀ ਸ੍ਰੀਨਿਵਾਸ ਨੇ ਕਿਹਾ ਕਿ ਏਮਜ਼ ਦਾ ਪੂਰਾ ਪਰਿਵਾਰ ਪ੍ਰਮੁੱਖ ਹਸਪਤਾਲ ਅਤੇ ਦੇਸ਼ ਭਰ ਦੇ ਸਾਰੇ ਸਿਹਤ ਸੰਭਾਲ ਪੇਸ਼ੇਵਰਾਂ ਦੀ ਸੁਰੱਖਿਆ ਕਰਨ ਦੇ ਪਿੱਛੇ ਖੜ੍ਹਾ ਹੈ। ਉਨ੍ਹਾਂ ਕਿਹਾ, ''ਏਮਜ਼ ਨਵੀਂ ਦਿੱਲੀ ਦੇ ਰੈਜ਼ੀਡੈਂਟ ਡਾਕਟਰਾਂ ਨੂੰ ਤੁਰੰਤ ਆਪਣੀਆਂ ਡਿਊਟੀਆਂ ਮੁੜ ਸ਼ੁਰੂ ਕਰਨ ਦੀ ਬੇਨਤੀ ਕੀਤੀ ਜਾ ਰਹੀ ਹੈ ਤਾਂ ਜੋ ਮਰੀਜ਼ਾਂ ਦੀ ਦੇਖਭਾਲ ਸੇਵਾਵਾਂ ਨੂੰ ਆਮ ਬਣਾਇਆ ਜਾ ਸਕੇ।''

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail:paulgahunia@hotmail com
Jaspal Singh Gahunia
# M08006400
Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre

# ਪੇਜ ਇੱਕ ਦੀ ਬਾਕੀ

## ਭਾਰੀ ਮੀਂਹ ਅਤੇ ਹੜ੍ਹ...

ਬਾਰਸ਼ਾਂ ਕਾਰਨ 53 ਮੌਤਾਂ ਅਤੇ 208 ਦੇ ਜ਼ਖਮੀ ਹੋਣ ਦੀ ਰਿਪੋਰਟ ਦਿੱਤੀ। ਹੜ੍ਹ ਸੂਡਾਨ ਵਿੱਚ ਇੱਕ ਆਵਰਤੀ ਸਮੱਸਿਆ ਹੈ, ਜੋ ਆਮ ਤੌਰ 'ਤੇ ਜੂਨ ਅਤੇ ਅਕਤੂਬਰ ਦੇ ਵਿਚਕਾਰ ਹੁੰਦੀ ਹੈ। ਹਾਲ ਹੀ ਵਿੱਚ ਹੋਈ ਭਾਰੀ ਬਾਰਿਸ਼ ਕਾਰਨ ਜਾਨ-ਮਾਲ ਦਾ ਕਾਫੀ ਨੁਕਸਾਨ ਹੋਇਆ ਹੈ ਅਤੇ ਵਾਹੀਯੋਗ ਜ਼ਮੀਨ ਨੂੰ ਵੀ ਨੁਕਸਾਨ ਪੁੱਜਾ ਹੈ। ਇਸ ਸਾਲ ਦੇ ਬਰਸਾਤ ਦੇ ਮੌਸਮ ਨੇ ਸੁਡਾਨ ਵਿੱਚ ਮਾਨਵਤਾਵਾਦੀ ਸੰਕਟ ਨੂੰ ਹੋਰ ਵਿਗਾੜ ਦਿੱਤਾ ਹੈ, ਜੋ ਕਿ ਪਹਿਲਾਂ ਹੀ ਸੂਡਾਨ ਦੇ ਹਥਿਆਰਬੰਦ ਬਲਾਂ ਅਤੇ ਅਰਧ ਸੈਨਿਕ ਰੈਪਿਡ ਸਪੋਰਟ ਫੋਰਸ ਵਿਚਕਾਰ ਘਾਤਕ ਸੰਘਰਸ਼ ਨਾਲ ਜੂਝ ਰਿਹਾ ਹੈ। ਸੰਘਰਸ਼, ਜੋ ਕਿ 15 ਅਪ੍ਰੈਲ 2023 ਤੋਂ ਜਾਰੀ ਹੈ, ਨੇ ਸੂਡਾਨ ਅੰਦਰ ਲੱਖਾਂ ਲੋਕਾਂ ਨੂੰ ਉਜਾੜ ਦਿੱਤਾ ਹੈ ਅਤੇ ਸੈਂਕੜੇ ਹਜ਼ਾਰਾਂ ਨੂੰ ਗੁਆਂਢੀ ਦੇਸ਼ਾਂ ਨੂੰ ਭੱਜਣ ਲਈ ਮਜਬੂਰ ਕੀਤਾ ਹੈ। ਸੰਯੁਕਤ ਰਾਸ਼ਟਰ ਦੇ ਤਾਜ਼ਾ ਅੰਕੜਿਆਂ ਅਨੁਸਾਰ, ਸੂਡਾਨ ਦੇ ਅੰਦਰ ਲਗਭਗ 17 ਮਿਲੀਅਨ ਅੰਦਰੂਨੀ ਤੌਰ 'ਤੇ ਵਿਸਥਾਪਿਤ ਲੋਕ ਹਨ, ਜਿਨ੍ਹਾਂ ਵਿੱਚੋਂ ਲਗਭਗ 2.2 ਮਿਲੀਅਨ ਵਿਦੇਸ਼ਾਂ ਵਿੱਚ ਸ਼ਰਨ ਮੰਗ ਰਹੇ ਹਨ।

## ਕੈਨੇਡਾ 'ਚ 2 ਪੰਜਾਬੀਆਂ...

ਸਖ਼ਤੀ ਨਾਲ ਵਰਜਿਆ ਗਿਆ ਹੈ। ਪੁਲਿਸ ਦਾ ਮੰਨਣਾ ਹੈ ਕਿ ਜਤਿੰਦਰ ਸਿੰਘ ਬਾਰੇ ਕਮਿਊਨਿਟੀ ਦੇ ਲੋਕਾਂ ਤੋਂ ਹੋਰ ਜਾਣਕਾਰੀ ਮਿਲ ਸਕਦੀ ਹੈ ਜਿਸ ਦੇ ਮੱਦੇਨਜ਼ਰ ਅਪੀਲ ਕੀਤੀ ਗਈ ਹੈ ਕਿ ਜੇ ਕਿਸੇ ਕੋਲ ਵਧੇਰੇ ਜਾਣਕਾਰੀ ਹੋਵੇ ਤਾਂ ਉਹ ਸਰੀ. ਆਰ.ਸੀ.ਐਮ.ਪੀ. ਦੇ ਵਿਸ਼ੇਸ਼ ਦਸਤੇ ਨਾਲ 604 599 0502 'ਤੇ ਸੰਪਰਕ ਕਰੇ। ਦੂਜੇ ਪਾਸੇ ਬੈਰੀ ਨੇੜੇ ਐਲਮਵੇਲ ਵਿਖੇ ਬੀ.ਐਮ.ਆਰ. ਸਟੋਰ ਲੁੱਟਣ ਦੇ ਮਾਮਲੇ ਵਿਚ ਸੁਖਮਨਪ੍ਰੀਤ ਸਿੰਘ ਅਤੇ ਲਵਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਵੌਅਨ ਵਿਖੇ ਕਈ ਵੇਅਰ ਹਾਊਸ ਲੁੱਟਣ ਦੇ ਮਾਮਲੇ ਵਿਚ ਦੋਹਾਂ ਵਿਰੁੱਧ ਵੱਖ ਵੱਖ ਦੋਸ਼ ਲੱਗੇ ਚੁੱਕੇ ਹਨ। ਯਾਰਕ ਰੀਜਨਲ ਪੁਲਿਸ ਨੇ ਬਰੈਂਪਟਨ ਨਾਲ ਸਬੰਧਤ ਦੋਹਾਂ ਪੰਜਾਬੀਆਂ ਵਿਰੁੱਧ ਕਾਰਵਾਈ ਕਰਦਿਆਂ 10 ਲੱਖ ਡਾਲਰ ਮੁੱਲ ਦਾ ਕੰਸਟ੍ਰਕਸ਼ਨ ਵਾਲਾ ਸਾਜੋ ਸਮਾਨ ਬਰਾਮਦ ਕਰਨ ਦਾ ਦਾਅਵਾ ਕੀਤਾ ਸੀ। 26 ਸਾਲ ਦੇ ਸੁਖਮਨਪ੍ਰੀਤ ਸਿੰਘ ਵਿਰੁੱਧ ਅਪਰਾਧ ਰਾਹੀਂ ਹਾਸਲ 5 ਹਜ਼ਾਰ ਡਾਲਰ ਤੋਂ ਵੱਧ ਮੁੱਲ ਦੀ ਪ੍ਰਾਪਰਟੀ ਰੱਖਣ, ਚੋਰੀ ਦੇ ਮਕਸਦ ਨਾਲ ਵੇਅਰਹਾਊਸ ਦੇ ਜਿੰਦੇ ਤੋੜਨ, ਭੇਖ ਬਦਲਣ ਅਤੇ 5 ਹਜ਼ਾਰ ਡਾਲਰ ਤੋਂ ਘੱਟ ਮੁੱਲ ਦੀ ਮਿਸਚਫ਼ ਦੇ ਦੋਸ਼ ਆਇਦ ਕੀਤੇ ਗਏ। ਇਸੇ ਤਰ੍ਹਾਂ ਲਵਪ੍ਰੀਤ ਸਿੰਘ ਵਿਰੁੱਧ ਵੀ ਅਪਰਾਧ ਰਾਹੀਂ ਹਾਸਲ 5 ਹਜ਼ਾਰ ਡਾਲਰ ਤੋਂ ਵੱਧ ਮੁੱਲ ਦੀ ਪ੍ਰਾਪਰਟੀ ਰੱਖਣ, ਚੋਰੀ ਦੇ ਮਕਸਦ ਨਾਲ ਵੇਅਰਹਾਊਸ ਦੇ ਜਿੰਦੇ ਤੋੜਨ, ਭੇਖ ਬਦਲਣ ਅਤੇ 5 ਹਜ਼ਾਰ ਡਾਲਰ ਤੋਂ ਘੱਟ ਮੁੱਲ ਦੀ ਮਿਸਚਫ਼ ਦੇ ਦੋਸ਼ ਆਇਦ ਕੀਤੇ ਗਏ। ਇਨ੍ਹਾਂ ਦੋਹਾਂ ਨਾਲ ਤੀਜਾ ਸ਼ੱਕੀ ਵੀ ਕਾਬੂ ਕੀਤਾ ਗਿਆ ਜਦਕਿ ਨਵੇਂ ਮਾਡਲ ਵਾਲੀ ਡੌਜ ਡਰੈਂਗੋ ਗੱਡੀ ਵਿਚ ਫਰਾਰ 2 ਸ਼ੱਕੀਆਂ ਦੀ ਭਾਲ ਕੀਤੇ ਜਾਣ ਦਾ ਜ਼ਿਕਰ ਵੀ ਕੀਤਾ ਗਿਆ।

## ਪਾਕਿ ਸ਼ੀਆ ਯਾਤਰੀਆਂ...

ਦੇ ਰਹੀਆਂ ਹਨ। ਚੈਨਲ 'ਤੇ ਪ੍ਰਸਾਰਿਤ ਖ਼ਬਰ 'ਚ ਮਲਕਜ਼ਾਦੇਹ ਨੇ ਹਾਦਸੇ ਲਈ ਬੱਸ ਦੀਆਂ ਬਰੇਕਾਂ ਫੇਲ੍ਹ ਹੋਣ ਤੇ ਡਰਾਈਵਰ ਦੀ ਲਾਪਰਵਾਹੀ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਸੇ ਦੌਰਾਨ ਪਾਕਿਸਤਾਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਬੱਸ ਵਿੱਚ ਦੱਖਣੀ ਸਿੰਧ ਸੂਬੇ ਦੇ ਸ਼ਹਿਰ ਲੜਕਾਨਾ ਦੇ ਯਾਤਰੀ ਸਵਾਰ ਸਨ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨੇ ਹਾਦਸੇ 'ਤੇ ਅਫ਼ਸੋਸ ਜ਼ਾਹਿਰ ਕਰਦਿਆਂ ਕਿਹਾ ਕਿ ਜ਼ਖਮੀਆਂ ਨੂੰ ਹਰ ਸੰਭਵ ਮਦਦ ਮੁਹੱਈਆ ਕਰਵਾਈ ਜਾ ਰਹੀ ਹੈ। ਇਹ ਪਾਕਿਸਤਾਨੀ ਯਾਤਰੀ ਇਸਲਾਮੀ ਦਿਹਾੜੇ 'ਅਰਬਈਨ' ਲਈ ਜਾ ਰਹੇ ਸਨ।

## ਰੋਨਾਲਡੋ ਨੇ ਬਣਾਇਆ...

'ਤੇ 636 ਮਿਲੀਅਨ ਫਾਲੋਅਰਜ਼ ਹਨ। ਚੈਨਲ ਨੂੰ ਲਾਂਚ ਕਰਨ ਦਾ ਐਲਾਨ ਕਰਦੇ ਹੋਏ ਰੋਨਾਲਡੋ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਪੋਸਟ ਕੀਤਾ, 'ਇੰਤਜ਼ਾਰ ਖਤਮ ਹੋ ਗਿਆ ਹੈ। ਮੇਰਾ YouTube ਚੈਨਲ ਆਖਰਕਾਰ ਜਾਰੀ ਕੀਤਾ ਗਿਆ ਹੈ ! ਇਸ ਨਵੀਂ ਯਾਤਰਾ ਵਿਚ ਮੇਰੇ ਨਾਲ ਸ਼ਾਮਲ ਹੋਵੋ। ਉਸ ਦੀ ਪਹਿਲੀ ਵੀਡੀਓ ਪੋਸਟ ਕਰਨ ਤੋਂ ਕੁਝ ਘੰਟਿਆਂ ਬਾਅਦ, 1.69 ਮਿਲੀਅਨ ਪ੍ਰਸ਼ੰਸਕਾਂ ਨੇ ਚੈਨਲ ਨੂੰ ਸਬਸਕ੍ਰਾਈਬ ਕੀਤਾ ਸੀ। ਰੋਨਾਲਡੋ ਦੇ ਇਸ ਵੀਡੀਓ ਨੂੰ 90 ਲੱਖ ਤੋਂ ਵੱਧ ਵਿਊਜ਼ ਮਿਲ ਚੁੱਕੇ ਹਨ। ਰੋਨਾਲਡੋ ਨੂੰ 24 ਘੰਟਿਆਂ ਦੇ ਅੰਦਰ ਗੋਲਡਨ ਪਲੇਅ ਬਟਨ ਵੀ ਮਿਲ ਗਿਆ। ਜਦੋਂ ਉਸ ਨੇ ਆਪਣੇ ਬੱਚਿਆਂ ਨੂੰ ਗੋਲਡਨ ਪਲੇਅ ਬਟਨ ਦਿਖਾਇਆ ਤਾਂ ਹਰ ਕੋਈ ਉਤਸ਼ਾਹਿਤ ਹੋ ਗਿਆ। ਉਸ ਨੇ ਇਸ ਦਾ ਵੀਡੀਓ ਐਕਸ 'ਤੇ ਸ਼ੇਅਰ ਕੀਤਾ ਹੈ।

### ਰੋਨਾਲਡੋ ਦੇ ਮੈਸੀ ਨਾਲੋਂ ਜ਼ਿਆਦਾ ਸਬਸਕ੍ਰਾਈਬਰਸ

ਰੋਨਾਲਡੋ ਦੇ ਵਿਰੋਧੀ ਅਤੇ ਇੰਟਰ ਮਿਆਮੀ ਲਈ ਖੇਡਣ ਵਾਲੇ ਅਰਜਨਟੀਨਾ ਦੇ ਲਿਓਨਲ ਮੇਸੀ ਦਾ ਵੀ ਇੱਕ ਯੂਟਿਊਬ ਚੈਨਲ ਹੈ ਅਤੇ ਉਸ ਦੇ 2.27 ਮਿਲੀਅਨ ਸਬਸਕ੍ਰਾਈਬਰਸ ਹਨ। ਇਸਨੂੰ 2006 ਵਿੱਚ ਮੇਸੀ ਦੁਆਰਾ ਲਾਂਚ ਕੀਤਾ ਗਿਆ ਸੀ। ਰੋਨਾਲਡੋ ਦਾ ਕਹਿਣਾ ਹੈ ਕਿ ਉਸ ਦਾ ਚੈਨਲ ਨਾ ਸਿਰਫ ਉਸ ਦੇ ਫੁੱਟਬਾਲ ਕਰੀਅਰ ਦੀਆਂ ਕਹਾਣੀਆਂ ਲੋਕਾਂ ਤੱਕ ਪਹੁੰਚਾਏਗਾ, ਸਗੋਂ ਉਸ ਦੇ ਫਾਲੋਅਰਜ਼ ਨੂੰ ਉਸ ਦੇ ਪਰਿਵਾਰ, ਸਿਹਤ, ਪੋਸ਼ਣ, ਤਿਆਰੀ, ਰਿਕਵਰੀ, ਸਿੱਖਿਆ ਅਤੇ ਕਾਰੋਬਾਰ ਬਾਰੇ ਵੀ ਜਾਣਕਾਰੀ ਦੇਵੇਗਾ।

ਹਰ ਸਮੇਂ ਦੇ ਮਹਾਨ ਫੁਟਬਾਲਰਾਂ ਵਿੱਚੋਂ ਇੱਕ, ਰੋਨਾਲਡੋ ਵਰਤਮਾਨ ਵਿੱਚ ਸਾਊਦੀ ਪ੍ਰੋ ਲੀਗ ਵਿੱਚ ਅਲ ਨਾਸਰ ਲਈ ਖੇਡਦਾ ਹੈ। ਇਸ ਫੁੱਟਬਾਲਰ ਨੇ ਹਾਲ ਹੀ 'ਚ ਯੂਰੋ 2024 'ਚ ਹਿੱਸਾ ਲਿਆ ਸੀ ਪਰ ਉਹ ਆਪਣੀ ਟੀਮ ਨੂੰ ਖਿਤਾਬ ਤੱਕ ਨਹੀਂ ਪਹੁੰਚਾ ਸਕੇ। ਇਹ 39 ਸਾਲਾ ਫੁੱਟਬਾਲਰ ਆਪਣੇ ਕਰੀਅਰ ਦੇ ਆਖਰੀ ਪੜਾਅ 'ਤੇ ਹੈ। ਆਪਣੀ ਸ਼ਾਨਦਾਰ ਸਰੀਰਕ ਫਿਟਨੈੱਸ ਕਾਰਨ ਉਹ ਹੁਣ ਤੱਕ ਬਿਨਾਂ ਕਿਸੇ ਸਮੱਸਿਆ ਦੇ ਖੇਡਦਾ ਨਜ਼ਰ ਆ ਰਿਹਾ ਹੈ ਪਰ ਹਾਂ, ਉਸ ਦੀ ਗੋਲ ਕਰਨ ਦੀ ਸਮਰੱਥਾ ਘੱਟ ਗਈ ਹੈ। ਰੋਨਾਲਡੋ ਦੀ ਯੂਰਪੀਅਨ ਮੁਹਿੰਮ ਇਸ ਦੀ ਸਭ ਤੋਂ ਵਧੀਆ ਉਦਾਹਰਣ ਸੀ, ਜਿੱਥੇ ਉਹ ਬਾਕਸ ਦੇ ਅੰਦਰੋਂ ਗੋਲ ਨਹੀਂ ਕਰ ਸਕਿਆ ਜਦੋਂ ਉਸਦੀ ਟੀਮ ਨੂੰ ਗੋਲ ਦੀ ਸਖ਼ਤ ਜ਼ਰੂਰਤ ਸੀ। ਉਮੀਦ ਕੀਤੀ ਜਾਂਦੀ ਹੈ ਕਿ ਸੰਨਿਆਸ ਲੈਣ ਤੋਂ ਬਾਅਦ, ਰੋਨਾਲਡੋ ਹੌਲੀ-ਹੌਲੀ ਸਮੱਗਰੀ ਬਣਾਉਣ ਅਤੇ ਹੋਰ ਕਾਰੋਬਾਰਾਂ ਵਿੱਚ ਚਲੇ ਜਾਣਗੇ।

## ਕੈਨੇਡਾ ਦੇ ਮੁਸਲਮਾਨ ਆਗੂਆਂ...

ਦੀ ਆਮਦ ਬਾਰੇ ਪਤਾ ਲਗਦਿਆਂ ਹੀ ਫਲਸਤੀਨ ਹਮਾਇਤੀ ਹਾਲ ਦੇ ਬਾਹਰ ਇਕੱਤਰ ਹੋਣੇ ਸ਼ੁਰੂ ਹੋ ਗਏ। ਲਾਵਾਲ ਪੁਲਿਸ ਦੀ ਤਰਜਮਾਨ ਸਟੈਫਨੀ ਨੇ ਦੱਸਿਆ ਕਿ ਭੀੜ ਨੂੰ ਖਿੰਡਾਉਣ ਲਈ ਵੱਡੀ ਗਿਣਤੀ ਵਿਚ ਪੁਲਿਸ ਅਫਸਰਾਂ ਨੂੰ ਮੌਕੇ 'ਤੇ ਭੇਜਿਆ ਗਿਆ। ਪੁਲਿਸ ਨੇ ਇਸ ਗੱਲ ਦੀ ਤਸਦੀਕ ਕਰ ਦਿਤੀ ਕਿ ਹਾਲ ਵਿਚ ਪ੍ਰਧਾਨ ਮੰਤਰੀ ਵੱਲੋਂ ਮੀਟਿੰਗ ਕੀਤੀ ਜਾਣੀ ਸੀ ਪਰ ਇਹ ਰੱਦ ਹੋ ਗਈ। ਉਧਰ ਪ੍ਰਧਾਨ ਮੰਤਰੀ ਦਫ਼ਤਰ ਨੇ ਇਸ ਮੁੱਦੇ 'ਤੇ ਕੋਈ ਵੀ ਟਿੱਪਣੀ ਕਰਨ ਤੋਂ ਨਾਂਹ ਕਰ ਦਿਤੀ ਅਤੇ ਕਿਹਾ ਕਿ ਜਸਟਿਨ ਟਰੂਡੋ ਮੱਧ ਪੂਰਬ ਵਿਚ ਚੱਲ ਰਹੇ ਸੰਕਟ ਬਾਰੇ ਅਹਿਮ ਵਿਚਾਰ ਵਟਾਂਦਰਾ ਕਰਨ ਲਈ ਵਚਨਬੱਧ ਹਨ। ਇਸੇ ਦੌਰਾਨ ਮੀਟਿੰਗ ਵਿਚ ਸੱਦੇ ਗਏ ਇਮਾਮ ਹਸਨ ਗਿਲਟ ਨੇ ਦੋਸ਼ ਲਾਇਆ ਕਿ ਟਰੂਡੋ ਸਰਕਾਰ ਕੈਨੇਡੀਅਨ ਕਦਰਾਂ-ਕੀਮਤਾਂ ਮੁਤਾਬਕ ਆਪਣਾ ਸਟੈਂਡ ਜ਼ਾਹਰ ਕਰਨ ਤੋਂ ਝਿਜਕਦੀ ਰਹੀ ਅਤੇ ਮਾਸੂਮ ਜਾਨਾਂ ਬਚਾਉਣ ਲਈ ਕੌਮਾਂਤਰੀ ਕਾਨੂੰਨ ਦੀ ਪਾਲਣਾ ਵੀ ਨਾ ਕੀਤੀ ਗਈ।

## ਅਮਰੀਕਾ ਕਮਲਾ ਹੈਰਿਸ ...

ਵਿਰੋਧੀ ਡੋਨਲਡ ਟਰੰਪ ਦੀ ਅਗਵਾਈ ਹੇਠ ਚਾਰ ਹੋਰ ਵਰ੍ਹੇ ਬਰਬਾਦ ਨਹੀਂ ਕਰਨਾ ਚਾਹੁੰਦੇ ਹਨ। ਡੈਮੋਕਰੇਟਿਕ ਨੈਸ਼ਨਲ ਕਨਵੈਨਸ਼ਨ 'ਚ ਮੰਗਲਵਾਰ ਰਾਤ ਆਪਣੇ ਸੰਬੋਧਨ ਦੌਰਾਨ ਓਬਾਮਾ ਨੇ 16 ਸਾਲ ਪਹਿਲਾਂ ਜੋਅ ਬਾਇਡਨ ਨੂੰ ਉਪ ਰਾਸ਼ਟਰਪਤੀ ਬਣਾਉਣ ਦੇ ਫ਼ੈਸਲੇ ਨੂੰ ਚੇਤੇ ਕੀਤਾ। ਓਬਾਮਾ ਨੇ ਕਿਹਾ, ''ਅਮਰੀਕਾ ਇਤਿਹਾਸ ਦਾ ਨਵਾਂ ਪੰਨਾ ਲਿਖਣ ਲਈ ਤਿਆਰ ਹੈ। ਅਮਰੀਕਾ ਬਿਹਤਰ ਦਾਸਤਾਨ ਲਈ ਤਿਆਰ ਹੈ। ਅਸੀਂ ਰਾਸ਼ਟਰਪਤੀ ਕਮਲਾ ਹੈਰਿਸ ਲਈ ਤਿਆਰ ਹਾਂ ਅਤੇ ਉਹ ਵੀ ਅਹੁਦਾ ਸੰਭਾਲਣ ਲਈ ਤਿਆਰ ਹੈ।'' ਉਨ੍ਹਾਂ ਕਿਹਾ ਕਿ ਬਾਇਡਨ ਨੂੰ ਇਤਿਹਾਸ ਲੋਕਤੰਤਰ ਦੀ ਰਾਖੀ ਲਈ ਯਾਦ ਕਰੇਗਾ। 'ਮੈਨੂੰ ਬਾਇਡਨ ਨੂੰ ਆਪਣਾ ਰਾਸ਼ਟਰਪਤੀ ਆਖਣ 'ਤੇ ਮਾਣ ਮਹਿਸੂਸ ਹੋ ਰਿਹਾ ਹੈ ਪਰ ਉਨ੍ਹਾਂ ਨੂੰ ਆਪਣਾ ਦੋਸਤ ਆਖਣ 'ਤੇ ਮੈਨੂੰ ਜ਼ਿਆਦਾ ਮਾਣ ਹੈ। ਹੁਣ ਕਮਾਨ ਅੱਗੇ ਸੰਭਾਲ ਦਿੱਤੀ ਗਈ ਹੈ। ਅਸੀਂ ਆਪਣੇ ਸੁਪਨਿਆਂ ਦਾ ਅਮਰੀਕਾ ਬਣਾਉਣ ਲਈ ਹੁਣ ਸੰਘਰਸ਼ ਕਰਨਾ ਹੈ। 'ਉਨ੍ਹਾਂ ਟਰੰਪ ਦੀਆਂ ਨੀਤੀਆਂ ਅਤੇ ਉਨ੍ਹਾਂ ਦੇ ਕਿਰਦਾਰ ਦੀ ਸਖ਼ਤ ਨੁਕਤਾਚੀਨੀ ਕਰਦਿਆਂ ਕਿਹਾ ਕਿ ਅਮਰੀਕਾ ਨੂੰ ਡੋਨਲਡ ਟਰੰਪ ਦੀ ਅਗਵਾਈ ਹੇਠ ਚਾਰ ਹੋਰ ਵਰ੍ਹੇ ਨਹੀਂ ਚਾਹੀਦੇ ਹਨ। ਉਨ੍ਹਾਂ ਟਰੰਪ ਦੇ ਸੈਨੇਟ 'ਚ ਦੁਵੱਲੇ ਸਰਹੱਦੀ ਸਮਝੌਤੇ ਨੂੰ ਰੱਦ ਕਰਨ ਅਤੇ ਔਰਤਾਂ ਦੇ ਜਣੇਪਾ ਅਧਿਕਾਰ ਖੋਹਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਨਾਲ ਅਮਰੀਕੀਆਂ ਦੇ ਹਿਰਦੇ ਵਲੂੰਧਰੇ ਗਏ ਸਨ। ਜਦੋਂ ਭੀੜ ਨੇ ਟਰੰਪ ਖ਼ਿਲਾਫ਼ ਰੌਲਾ ਪਾਇਆ ਤਾਂ ਓਬਾਮਾ ਨੇ ਕਿਹਾ ਕਿ ਵੋਟ ਪਾ ਕੇ ਕਮਲਾ ਨੂੰ ਜਿਤਾਓ। -

Best Bargain
Carpet & Flooring
Residential - Commercial - Industrial
Sale & Custom Installation done by Professionals
LAUZON Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service
WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installat on
CAT Batteries 1000c Under Warranty
$550
Instalaior Includec
MICHELIN BFGoodrich DUNLOP GOODYEAR Hankook Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਬਲਿਊ ਓਕ ਪਾਰਕ ਵਿਖੇ ਚਾਵਾਂ ਨਾਲ ਮਨਾਇਆ ਤੀਆਂ ਦਾ ਤਿਉਹਾਰ

## (ਪੰਜਾਬੀ ਮੁਟਿਆਰਾਂ ਨੇ ਪਾਈ ਗਿੱਧੇ ਤੇ ਬੋਲੀਆਂ ਦੀ ਧਮਾਲ)






ਬਰੈਂਪਟਨ (ਬਿਊਰੋ ਨਿਊਜ਼) : ਬਲਿਊ ਓਕ ਪਾਰਕ ਵਿਖੇ ਪੰਜਾਬ ਦੇ ਅਮੀਰ ਵਿਰਸੇ ਨਾਲ ਜੁੜਿਆ ਤੀਆਂ ਦਾ ਤਿਉਹਾਰ ਬੜੇ ਪਿਆਰ ਅਤੇ ਚਾਵਾਂ ਨਾਲ ਮਨਾਇਆ ਗਿਆ। ਪੰਜਾਬੀ ਸੱਭਿਆਚਾਰ ਦੇ ਰੰਗ ਵਿੱਚ ਸੱਜ ਕੇ ਆਈਆਂ ਮੁਟਿਆਰਾਂ ਤੇ ਸੁਆਣੀਆਂ ਨੇ ਇਕ ਦੂਜੇ ਨੂੰ ਤੀਆਂ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ। ਇਸ ਸਮਾਗਮ ਵਿਚ ਬਲਿਊ ਓਕ, ਬਲੈਕ ਓਕ, ਫਰਨ ਫਰੈਸਟ ਅਤੇ ਆਲੇ ਦੁਆਲੇ ਰਹਿੰਦੇ ਵੱਡੀ ਗਿਣਤੀ ਪੰਜਾਬੀ ਭਾਈਚਾਰੇ ਅਤੇ ਹੋਰਨਾਂ ਕਮਿਊਨਿਟੀ ਦੇ ਪਰਿਵਾਰ ਸ਼ਾਮਲ ਹੋਏ। ਮੁਟਿਆਰਾਂ ਵੱਲੋਂ ਪਾਈਆਂ ਪੰਜਾਬੀ ਬੋਲੀਆ ਅਤੇ ਗਿੱਧੇ ਨੇ ਤੀਆਂ ਦੇ ਤਿਉਹਾਰ ਨੂੰ ਹੋਰ ਵੀ ਚਾਰ ਚੰਨ੍ਹ ਲਾ ਦਿੱਤੇ। ਪਾਰਕ ਵਿਚ ਇਕ ਪਾਸੇ ਬੱਚੇ ਖੇਡਾਂ ਵਿਚ ਮਸਤ, ਪੀਂਘਾਂ ਝੂਟ ਰਹੇ ਸੀ ਤੇ ਦੂਜੇ ਪਾਸੇ ਮੁਟਿਆਰਾਂ ਦੇ ਗਿੱਧੇ ਦੀ ਧਮਾਲ। ਸਾਵਣ ਦਾ ਮਹੀਨਾਂ ਤੇ ਪਾਰਕ ਵਿਚ ਆਪਣੇ ਨਿੱਕੇ ਨਿਆਨਿਆਂ ਨਾਲ ਆਏ ਮਾਪੇ ਤੇ ਬਜ਼ੁਰਗ ਕਨੇਡਾ ਵਿਚ ਪੰਜਾਬ ਦੀ ਝਲਕ ਦਾ ਭੁਲੇਖਾ ਪਾ ਰਹੇ ਸੀ।

ਇਸ ਮੌਕੇ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਜੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਅਤੇ ਸਾਰਿਆਂ ਨਾਲ ਮਿਲ ਕੇ ਖੂਬ ਗਿੱਧਾ ਤੇ ਬੋਲੀਆਂ ਪਾਈਆਂ। ਬਰੈਂਪਟਨ ਦੇ ਡਿਪਟੀ ਮੇਅਰ ਹਰਕੀਰਤ ਸਿੰਘ ਜੀ ਵੱਲੋਂ ਵੀ ਸਮਾਗਮ ਵਿੱਚ ਆਪਣੀ ਹਾਜ਼ਰੀ ਲਵਾਈ ਗਈ। ਇਸ ਤੋਂ ਇਲਾਵਾ ਬਲੈਕ ਓਕ ਕਲੱਬ ਦੇ ਪ੍ਰਧਾਨ ਆਤਮਾਂ ਸਿੰਘ ਬਰਾੜ, ਸੁਰਿੰਦਰ ਸਿੰਘ ਜੱਸਲ, ਓਂਕਾਰ ਸਿੰਘ, ਜਸਵੰਤ ਸਿੰਘ ਧਾਲੀਵਾਲ, ਸਿਕੰਦਰ ਸਿੰਘ, ਪਰਮਜੀਤ ਸਿੰਘ ਬਰਾੜ ਵੀ ਹਾਜ਼ਰ ਰਹੇ। ਤੀਆਂ ਦੇ ਤਿਉਹਾਰ ਨੂੰ ਯਾਦਗਾਰੀ ਬਨਾਉਣ ਲਈ ਕਮਲਪ੍ਰੀਤ ਸਿੰਘ ਗਿੱਲ, ਬਲਜੀਤ ਕੌਰ, ਸੁਨੀਤਾ ਕੁਮਾਰੀ, ਜਗੀਰ ਕੌਰ, ਜਸਵਿੰਦਰ ਕੌਰ ਬਰਾੜ, ਮਨਿੰਦਰਪਾਲ ਗਰੇਵਾਲ ਵੱਲੋਂ ਸ਼ਲਾਘਾਯੋਗ ਭੂਮਿਕਾ ਅਦਾ ਕੀਤੀ। ਬੀਬੀਆਂ ਵੱਲੋਂ ਸਨੈਕਸ਼, ਚਾਹ ਪਕੌੜੇ, ਕੋਲਡ ਡਰਿੰਕਸ ਦਾ ਪ੍ਰਬੰਧ ਕੀਤਾ ਸੀ ਜਿਸਦਾ ਸਾਰਿਆਂ ਨੇ ਰਲ ਕੇ ਅਨੰਦ ਮਾਣਿਆਂ। ਪ੍ਰਬੰਧਕਾਂ ਵੱਲੋਂ ਕਿਹਾ ਕਿ ਭਾਵੇਂ ਪੰਜਾਬੀ ਭਾਈਚਾਰਾ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿੱਚ ਜਾ ਵਸਿਆ ਹੈ ਪਰ ਉਹ ਵਿਦੇਸ਼ਾਂ ਵਿੱਚ ਰਹਿ ਕੇ ਵੀ ਆਪਣੇ ਸ਼ਾਨਾ ਮੱਤੇ ਵਿਰਸੇ ਨਾਲ ਜੁੜਿਆ ਹੋਇਆ ਹੈ। ਉਹ ਆਪਣੇ ਵਿਰਾਸਤੀ ਤਿਉਹਰ ਅਤੇ ਦਿਹਾੜੇ ਚਾਵਾਂ ਨਾਲ ਮਨਾਉਂਦੇ ਹਨ। ਅਜਿਹੇ ਮੌਕਿਆਂ 'ਤੇ ਵੱਡੀ ਗਿਣਤੀ ਵਿਚ ਪੰਜਾਬੀ ਅਤੇ ਹੋਰਨਾਂ ਕਮਿਊਨਿਟੀ ਦੇ ਪਰਿਵਾਰ ਸ਼ਾਮਲ ਹੁੰਦੇ ਹਨ।

## ਕਨੇਡਾ ਭਰ 'ਚ ਰੇਲ ਕਰਮਚਾਰੀ ਹੜਤਾਲ 'ਤੇ

### ਸਾਰੇ ਦੇਸ਼ ਵਿੱਚ ਸਪਲਾਈ ਲਾਇਨ ਖੜ੍ਹਨ ਦਾ ਡਰ

ਟੋਰਾਂਟੋ (ਬਲਜਿੰਦਰ ਸੇਖਾ): ਕੈਨੇਡਾ ਦੇ ਰੇਲ ਕਰਮਚਾਰੀਆਂ ਦੀ ਕੈਨੇਡੀਅਨ ਰੇਲਵੇ ਨਾਲ ਦੇਰ ਰਾਤ ਗੱਲਬਾਤ ਟੁੱਟੀ ਗਈ ਹੈ ।ਇਸ ਨਾਲ ਲੱਗ ਪੱਗ 9300 ਦੇ ਕਰੀਬ ਵਰਕਰ ਹੜਤਾਲ 'ਤੇ ਚਲੇ ਗਏ ਹਨ ।ਇਸ ਹੜਤਾਲ ਨਾਲ ਰੋਜ਼ਾਨਾ ਇੱਕ ਬਿਲੀਅਨ ਦਾ ਕਾਰੋਬਾਰ ਰੁਕ ਜਾਵੇਗਾ ।ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਰੇਲ (ਮਾਲ) ਕਰਮਚਾਰੀਆਂ ਨੂੰ ਹੜਤਾਲ ਨਾ ਕਰਨ ਦੀ ਅਪੀਲ ਕੀਤੀ ਸੀ ।ਜਗਮੀਤ ਸਿੰਘ ਤੇ ਐਨ.ਡੀ.ਪੀ ਵਰਕਰਾਂ ਦੇ ਹੱਕ 'ਚ ਡਟੀ । ਇਹ ਮਾਲ ਗੱਡੀਆਂ ਦੇ ਕਾਮਿਆਂ ਦੀ ਹੜਤਾਲ਼ ਅੱਜ ਰਾਤ ਤੋ ਸ਼ੁਰੂ ਹੋ ਗਈ ਹੈ ਕੈਨੇਡਾ ਤੇ ਅਮਰੀਕਾ ਜਾਣ ਵਾਲੀਆਂ ਮਾਲ ਰੇਲਾਂ ਦਾ ਚੱਕਾ ਜਾਮ ਹੋ ਗਿਆ ਹੈ ।ਹੜਤਾਲ ਕਾਰਨ ਸਪਲਾਈ ਪ੍ਰਭਾਵਿਤ ਹੋਣ ਨਾਲ ਟਰੱਕਿੰਗ ਇੰਡਸਟਰੀ ਤੇ ਵੀ ਵੱਡਾ ਅਸਰ ਪਵੇਗਾ ।ਗਰੋਸਰੀ ਹੋਰ ਮਹਿੰਗੀ ਹੋਣ ਦੀ ਸੰਭਾਵਨਾ ਹੈ।

## ਪ੍ਰਦਰਸ਼ਨਕਾਰੀਆਂ ਦੀਆਂ ਹੱਤਿਆਵਾਂ ਦੀ ਜਾਂਚ ਲਈ ਸੰਯੁਕਤ ਰਾਸ਼ਟਰ ਦੀ ਟੀਮ ਬੰਗਲਾਦੇਸ਼ ਪਹੁੰਚੇਗੀ

ਢਾਕਾ: ਸੰਯੁਕਤ ਰਾਸ਼ਟਰ ਦੇ ਮਾਹਿਰਾਂ ਦੀ ਇਕ ਟੀਮ ਪ੍ਰਦਰਸ਼ਨਕਾਰੀਆਂ ਦੀਆਂ ਹੱਤਿਆਵਾਂ ਦੀ ਜਾਂਚ ਲਈ ਢਾਕਾ ਪੁੱਜਣ ਵਾਲੀ ਹੈ। ਇਸ ਮਹੀਨੇ ਦੇ ਸ਼ੁਰੂ ਵਿਚ ਸ਼ੇਖ ਹਸੀਨਾ ਦੇ ਪ੍ਰਧਾਨ ਮੰਤਰੀ ਵਜੋਂ ਅਸਤੀਫ਼ਾ ਦੇਣ ਤੋਂ ਪਹਿਲਾਂ ਅਤੇ ਬਾਅਦ ਵਿਚ ਘੱਟੋ-ਘੱਟ 650 ਪ੍ਰਦਰਸ਼ਨਕਾਰੀਆਂ ਦੀ ਹੱਤਿਆ ਹੋਈ ਸੀ। ਇਸ ਸਬੰਧੀ ਇਥੇ ਇਕ ਅਧਿਕਾਰੀ ਨੇ ਕਿਹਾ ਸੰਯੁਕਤ ਰਾਸ਼ਟਰ ਦੀ ਟੀਮ ਤੋਂ ਉਮੀਦ ਹੈ ਕਿ 1 ਜੁਲਾਈ ਤੋਂ 15 ਅਗਸਤ ਦਰਮਿਆਨ ਹੋਈਆਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਜਾਂਚ ਲਈ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ 'ਤੇ ਚਰਚਾ ਕੀਤੀ ਜਾਵੇਗੀ। ਅਧਿਕਾਰੀ ਨੇ ਅੱਗੇ ਕਿਹਾ ਕਿ ਵਫ਼ਦ ਇੱਥੇ ਘੱਟੋ-ਘੱਟ ਇੱਕ ਹਫ਼ਤਾ ਰੁਕੇਗਾ ਅਤੇ ਸਿਵਲ ਸੁਸਾਇਟੀ ਸਮੂਹਾਂ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਪੀੜਤਾਂ, ਵਿਦਿਆਰਥੀਆਂ ਅਤੇ ਸਰਕਾਰੀ ਅਧਿਕਾਰੀਆਂ ਅਤੇ ਸਬੰਧਤ ਕਿਸੇ ਵੀ ਵਿਅਕਤੀ ਨਾਲ ਮੁਲਾਕਾਤ ਕਰੇਗਾ।

## ਹਾਈਵੇਅ 400 ਤੇ ਹੋਏ ਹਾਦਸੇ 'ਚ ਭਾਰਤੀ ਵਿਦਿਆਰਥਣ ਦੀ ਮੌਤ



ਉਨਟਾਰੀਓ ਦੇ ਪੈਰੀ ਸਾਊਂਡ ਖੇਤਰ ਵਿਚ ਹਾਈਵੇਅ 400 'ਤੇ ਵਾਪਰੇ ਇਕ ਦਰਦਨਾਕ ਸੜਕ ਹਾਦਸੇ ਵਿੱਚ ਭਾਰਤੀ ਵਿਦਿਆਰਥਣ ਮੁਸਕਾਨ ਬੱਤਰਾ, ਦੀ ਮੌਤ ਹੋ ਗਈ ਹੈ। ਮੁਸਕਾਨ, ਜੋ ਕਿ ਸਟੱਡੀ ਵੀਜ਼ਾ 'ਤੇ ਕੈਨੇਡਾ ਆਈ ਸੀ, ਆਪਣੇ ਦੋਸਤਾਂ ਨਾਲ ਰੱਖੜੀ ਦਾ ਤਿਉਹਾਰ ਮਨਾਉਣ ਲਈ ਬਰੈਂਪਟਨ ਆ ਰਹੀ ਸੀ, ਜਦੋਂ ਇਹ ਹਾਦਸਾ ਵਾਪਰਿਆ। ਉਨਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਨੇ ਜਾਣਕਾਰੀ ਦਿੱਤੀ ਕਿ ਇਸ ਹਾਦਸੇ ਵਿੱਚ ਇੱਕ ਹੋਰ ਜਣਾ ਗੰਭੀਰ ਜਖਮੀ ਹੋ ਗਿਆ ਹੈ ਅਤੇ ਉਸ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ, ਮੁਸਕਾਨ ਦੀ ਕਾਰ ਬੇਕਾਬੂ ਹੋ ਕੇ ਪਲਟ ਗਈ ਸੀ। ਪੁਲਿਸ ਵੱਲੋਂ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਟੋਰਾਂਟੋ ਦੀ ਟੋਅ ਟਰੱਕ ਜੰਗ 'ਚ ਭਾਰਤੀ ਦਾ ਕਤਲ, 3 ਗ੍ਰਿਫ਼ਤਾਰ



ਟੋਰਾਂਟੋ : ਭਾਰਤੀ ਮੂਲ ਦੇ ਟੋਅ ਟਰੱਕ ਡਰਾਈਵਰ ਦੀ ਹੱਤਿਆ ਦੇ ਮਾਮਲੇ ਵਿਚ ਟੋਰਾਂਟੋ ਪੁਲਿਸ ਵੱਲੋਂ ਦੋ ਅੱਲ੍ਹੜਾਂ ਸਣੇ ਚਾਰ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਟੋਅ ਟਰੱਕ ਕਾਰੋਬਾਰ 'ਤੇ ਕਾਬਜ਼ ਹੋਣ ਲਈ ਸਾਊਥ ਏਸ਼ੀਅਨਜ਼ ਅਤੇ ਹੋਰਨਾਂ ਵਿਚਾਲੇ ਚੱਲ ਰਹੀ ਜੰਗ ਦੌਰਾਨ ਗੋਲੀਬਾਰੀ ਦੀਆਂ ਇਕ ਦਰਜਨ ਤੋਂ ਵੱਧ ਵਾਰਦਾਤਾਂ ਹੋ ਚੁੱਕੀਆਂ ਹਨ ਜਦਕਿ ਕਈ ਟੋਅ ਟਰੱਕ ਅੱਗ ਲਾ ਕੇ ਫੂਕ ਦਿਤੇ ਗਏ। ਟੋਰਾਂਟੋ ਪੁਲਿਸ ਦੇ ਮੁਖੀ ਮਾਇਰਨ ਡਿਮਕਿਊ ਨੇ 'ਪ੍ਰੋਜੈਕਟ ਬੀਕਨ' ਦੇ ਨਤੀਜਿਆਂ ਦਾ ਐਲਾਨ ਕਰਦਿਆਂ ਦੱਸਿਆ ਕਿ ਚਾਰ ਜਣਿਆਂ ਵਿਰੁੱਧ 177 ਦੋਸ਼ ਆਇਦ ਕੀਤੇ ਗਏ ਹਨ। ਮਈ ਤੋਂ ਜੁਲਾਈ ਦੌਰਾਨ ਟੋਰਾਂਟੋ ਅਤੇ ਨਾਲ ਲਗਦੇ ਇਲਾਕਿਆਂ ਵਿਚ ਗੋਲੀਬਾਰੀ ਅਤੇ ਅਗਜ਼ਨੀ ਦੀਆਂ ਵਾਰਦਾਤਾਂ ਦੌਰਾਨ ਇਕ ਜਣੇ ਦੀ ਮੌਤ ਹੋਈ ਜਿਸ ਦੀ ਸ਼ਨਾਖਤ ਪਿਕਰਿੰਗ ਨਾਲ ਸਬੰਧਤ 28 ਸਾਲ ਦੇ ਸੁਲਕਸ਼ਣ ਸੇਲਵਾਸਿੰਗਮ ਵਜੋਂ ਕੀਤੀ ਗਈ। ਔਸ਼ਵਾ ਅਤੇ ਸਟੂਫਵਿਲ ਤੋਂ ਗ੍ਰਿਫ਼ਤਾਰ ਕੀਤੇ ਅੱਲ੍ਹੜਾਂ ਦੀ ਉਮਰ ਸਿਰਫ 15 ਸਾਲ ਅਤੇ 16 ਸਾਲ ਦੱਸੀ ਜਾ ਰਹੀ ਹੈ।

**'ਪ੍ਰੋਜੈਕਟ ਬੀਕਨ' ਅਧੀਨ ਪੁਲਿਸ ਨੇ ਕੀਤੀ ਵੱਡੀ ਕਾਰਵਾਈ**

ਇਨ੍ਹਾਂ ਵਿਰੁੱਧ ਪਹਿਲੇ ਦਰਜੇ ਦੀ ਹੱਤਿਆ ਤੋਂ ਇਲਾਵਾ 154 ਦੋਸ਼ ਵੱਖਰੇ ਤੌਰ 'ਤੇ ਆਇਦ ਕੀਤੇ ਗਏ ਹਨ। ਨਾਬਾਲਗ ਹੋਣ ਕਾਰਨ ਇਨ੍ਹਾਂ ਦੀ ਪਛਾਣ ਜਨਤਕ ਨਹੀਂ ਕੀਤੀ ਗਈ। ਮਾਇਰਨ ਡਿਮਕਿਊ ਦਾ ਕਹਿਣਾ ਸੀ ਕਿ ਗੋਲੀਬਾਰੀ ਦੀਆਂ ਕੁਲ ਵਾਰਦਾਤਾਂ ਵਿਚੋਂ 14 ਫੀ ਸਦੀ ਟੋਅ ਟਰੱਕ ਇੰਡਸਟੀਰੀ ਨਾਲ ਸਬੰਧਤ ਮਹਿਸੂਸ ਹੋ ਰਹੀਆਂ ਹਨ। ਪ੍ਰੋਜੈਕਟ ਬੀਕਨ ਅਧੀਨ ਡੂੰਘਾਈ ਨਾਲ ਪੜਤਾਲ ਕਰਦਿਆਂ ਪੁਲਿਸ ਨੇ ਕਈ ਵਾਰਦਾਤਾਂ ਇਕ-ਦੂਜੇ ਨਾਲ ਸਬੰਧਤ ਮਹਿਸੂਸ ਕੀਤੀਆਂ। ਮਈ ਵਿਚ ਸਕਾਰਬ੍ਰੋਅ ਦੇ ਸਟੀਲਜ਼ ਐਵੇਨਿਊ ਈਸਟ ਅਤੇ ਮਾਰਖਮ ਰੋਡ ਇਲਾਕੇ ਵਿਚ ਗੋਲੀਆਂ ਚੱਲਣ ਦੀ ਵਾਰਦਾਤ ਸਾਹਮਣੇ ਆਈ ਅਤੇ ਇਕ ਗੂੜ੍ਹੇ ਰੰਗ ਦੀ ਗੱਡੀ ਵਿਚੋਂ ਦੋ ਟੋਅ ਟਰੱਕ 'ਤੇ ਗੋਲੀਆਂ ਚਲਾਈਆਂ ਗਈਆਂ। ਇਸ ਵਾਰਦਾਤ ਦੌਰਾਨ ਕੋਈ ਜ਼ਖਮੀ ਨਹੀਂ ਹੋਇਆ। ਗੋਲੀਬਾਰੀ ਦੇ ਸ਼ੱਕੀ ਦੀ ਜਲਦ ਹੀ ਸ਼ਨਾਖਤ ਹੋ ਗਈ ਜਿਸ ਦੀ ਉਮਰ 17 ਸਾਲ ਸੀ। ਇਸ ਮਗਰੋਂ ਪੁਲਿਸ ਨੇ ਔਸ਼ਵਾ ਦੇ 33 ਸਾਲਾ ਜਮਾਲ ਸਈਅਦ ਵਾਇਜ਼ੀ ਨੂੰ ਗ੍ਰਿਫ਼ਤਾਰ ਕਰਦਿਆਂ ਦੋਸ਼ ਆਇਦ ਕਰ ਦਿਤੇ। ਟੋਰਾਂਟੋ ਪੁਲਿਸ ਮੁਤਾਬਕ ਮੌਜੂਦਾ ਵਰ੍ਹੇ ਦੌਰਾਨ 1 ਜਨਵਰੀ ਤੋਂ ਟੋਅ ਟਰੱਕ ਇੰਡਸਟਰੀ ਨਾਲ ਸਬੰਧਤ ਗੋਲੀਬਾਰੀ ਦੀਆਂ 43 ਵਾਰਦਾਤਾਂ ਹੋ ਚੁੱਕੀਆਂ ਹਨ। ਪਿਛਲੇ ਮਹੀਨੇ ਕੈਨੇਡਾ ਡੇਅ ਦੇ ਲੌਂਗ ਵੀਕਐਂਡ ਦੌਰਾਨ ਸਿਰਫ 48 ਘੰਟੇ ਵਿਚ ਅੱਧੀ ਦਰਜਨ ਤੋਂ ਵੱਧ ਥਾਵਾਂ 'ਤੇ ਗੋਲੀਆਂ ਚੱਲੀਆਂ ਜਿਸ ਮਗਰੋਂ ਟੋਰਾਂਟੋ ਪੁਲਿਸ ਦੇ ਮੁਖੀ ਵੱਲੋਂ ਟੋਅ ਟਰੱਕ ਹਿੰਸਾ ਨੂੰ ਹਰ ਹੀਲ ਠੱਲ੍ਹ ਪਾਉਣ ਦਾ ਐਲਾਨ ਕੀਤਾ ਗਿਆ। ਟੋਅ ਟਰੱਕ ਇੰਡਸਟਰੀ ਜਿੰਨੀ ਹਿੰਸਾ ਕਿਸੇ ਵੀ ਖੇਤਰ ਵਿਚ ਦੇਖਣ ਨੂੰ ਨਹੀਂ ਮਿਲਦੀ ਅਤੇ ਗੋਲੀਬਾਰੀ ਦੀਆਂ ਵਾਰਦਾਤਾਂ ਆਮ ਲੋਕਾਂ ਦੀ ਜਾਨ ਦਾ ਖੌਅ ਵੀ ਬਣ ਰਹੀਆਂ

ACCESS PERSONNEL RESOURCES INC.
TEMPORARY STAFFING AGENCY
WE ARE HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/ Bakers
- Shippers/ Receivers

REQUIREMENTS:
The person should be fluent in english. Able to work long hours.
The person should be able to work full time with valid work permit or PR holders

APPLY NOW
Shift Available
Morning
Afternoon
Night

Send your resume
disptach.accesspersonnel@gmail.com
Contactg: 416-675-2288

BUYING OR SELLING
LET US HELP YOU!



INCOME GENERATING INVESTMENT PROPERTIES
Simrat Grewal
Sales Representative
416-414-2878

FREE MARKET EVALUATION OF YOUR PROPERTY
* ਨਵਾਂ ਘਰ ਦੇਖ ਰਹੇ ਹੋ ਜਾਂ ਇੰਨਵੈਸਟਮੈਂਟ ਪ੍ਰੋਪਰਟੀ ਦੀ ਭਾਲ ਵਿੱਚ ਹੋ?
* ਕਿਸੇ ਤਰ੍ਹਾਂ ਦਾ ਬਿਜ਼ਨਸ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
* ਭਰੋਸੇਯੋਗ, ਇਮਾਨਦਾਰ ਅਤੇ ਤਜਰਬੇਕਾਰ Realtor ਲੱਭ ਰਹੇ ਹੋ?
Call SIMRAT GREWAL 416-414-2878
Call RAJINDER SAMRA 416-300-8383
WE CAN HELP YOU FIND YOUR DREAM HOME IN
WATERLOO REGION:
Cambridge, Kitchener, Waterloo & Guelph Area
PEEL REGION:
Mississauga, Brampton, Caledon
BLUE ROSE REALTY INC. BROKERAGE
905-208-1111

ਟਰੱਕ ਯਾਰਡ ਜਾਂ ਹੋਟਲ, ਮੋਟਲ, ਲੈਂਡ, ਜਾਂ ਪਲਾਜਾ ਖਰੀਦਣ ਵੇਚਣ ਲਈ ਸੰਪਰਕ ਕਰੋ
ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸੀਅਲ ਤੇ ਕਮਰਸ਼ੀਅਲ ਪ੍ਰੋਪਰਟੀ ਖਰੀਦਣ ਤੇ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ
HOMELIFE SILVERCITY REALTY INC., BROKERAGE
HIGHER STANDARDS



Contact for all your residential & commercial real estate services
www.baljindersekha.com
ਬਲਜਿੰਦਰ ਸਰਾ
Salesperson
416-509-6200



STUDENT VISA
Fulfill your dreams in CANADA



* Study Permits
* Express Entry
* PNP * Spousal Category
* Fast Admission Process
* Top Ranking Colleges/Universities
* Min. Qualification Grade 12 (+2)
* Low service Charges
ਅਸੀਂ LMIA ਲੈਣ ਵਿੱਚ ਵੀ ਮਦਦ ਕਰਦੇ ਹਾਂ
ICC
CANADA IMMIGRATION SOLUTIONS INC.
Ripudaman Dhillon
Manu Datta
Ph:- 905-461-2424
iccrc crcic
#1137 Derry Road East, Mississauga, ON. L5T 1P3 Email:- info@iccimmigration.ca

# ਦੌਧਰ ਦਾ ਹਰਵਿੰਦਰ ਸਿੰਘ ਕੈਨੇਡਾ ਪੁਲਿਸ ਵਿੱਚ ਭਰਤੀ, ਪਿੰਡ 'ਚ ਖੁਸ਼ੀ ਦੀ ਲਹਿਰ

ਕਰਮਜੀਤ ਸਿੰਘ ਦੌਧਰ



ਹਰਵਿੰਦਰ ਸਿੰਘ ਸਪੁੱਤਰ ਵੈਦ ਪਾਲ ਸਿੰਘ ਪਿੰਡ ਦੌਧਰ (ਮੋਗਾ) ਆਪਣੇ ਚੰਗੇਰੇ ਭਵਿੱਖ ਲਈ ਸਾਲ 2015 'ਚ ਕੈਨੇਡਾ ਗਿਆ ਸੀ। ਕੈਨੇਡਾ ਦੀ ਅਲਬਰਟਾ ਸਟੇਟ ਦੇ ਕੈਲਗਿਰੀ ਸ਼ਹਿਰ ਵਿੱਚ ਰਹਿੰਦਿਆਂ ਹਰਵਿੰਦਰ ਵੱਲੋਂ ਕਈ ਸਾਲ ਹੱਢ–ਭੰਨਵੀ ਮਿਹਨਤ ਕਰਦਿਆਂ ਕੈਨੇਡੀਅਨ ਪੁਲਿਸ ਵਿੱਚ ਭਰਤੀ ਹੋਣ ਦਾ ਸੁਪਨਾਂ ਸਜਾਇਆ ਗਿਆ ਸੀ । ਉਕਤ ਸੁਪਨੇ ਨੂੰ ਪੂਰਾ ਕਰਨ ਲਈ ਹਰਵਿੰਦਰ ਵੱਲੋਂ ਪੂਰਾ ਮਨ ਚਿੱਤ ਲਾਕੇ ਜਿੱਥੇ ਉੱਚ ਸਿੱਖਿਆ ਹਾਸਿਲ ਕੀਤੀ ਉਸਦੇ ਨਾਲ ਹਰਵਿੰਦਰ ਵੱਲੋਂ ਭਰਤੀ ਦੀਆਂ ਸ਼ਰਤਾਂ ਪੂਰੀਆਂ ਕਰਨ ਲਈ ਸ਼ਰੀਰਕ ਫਿੱਟਨੈੱਸ ਲਈ ਵੀ ਖੇਡ ਗਰਾਊਂਡਾਂ ਵਿੱਚ ਖੂਬ ਪਸੀਨਾਂ ਵਹਾਇਆ ਗਿਆ। ਹਰਵਿੰਦਰ ਦੀ ਸਾਲਾਂਬੱਧੀ ਮਿਹਨਤ ਸਦਕਾ ਬੀਤੇ ਕੱਲ੍ਹ ਜਿਊ ਹੀ ਓਲ ਛਓਨਓਦਿਓਨ ਮੋੁਨਟਏਦ ਪੋਲਿਚਏ ਵਿੱਚ ਹਰਵਿੰਦਰ ਦੇ ਭਰਤੀ ਹੋਣ ਦੀ ਖ਼ਬਰ ਨਸ਼ਰ ਹੋਈ ਤਾਂ ਸਮੁੱਚੇ ਪਿੰਡ ਦੌਧਰ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਇਸ ਮੌਕੇ ਪਿੰਡ ਦੀਆਂ ਸਤਿਕਾਰਯੋਗ ਸ਼ਖ਼ਸੀਅਤਾਂ ਬਾਬਾ ਕਪੂਰ ਸਿੰਘ ਜੀ, ਬਾਬਾ ਅਰਜੁਨ ਸਿੰਘ ਜੀ, ਬਾਬਾ ਭੁਪਿੰਦਰ ਸਿੰਘ ਜੀ,ਬਾਬਾ ਦੀਪਕ ਸਿੰਘ ਜੀ,ਬਾਬਾ ਬਲਵੀਰ ਸਿੰਘ ਜੀ, ਜੱਥੇ: ਜਗਰਾਜ ਸਿੰਘ ਦੌਧਰ ਮੈਂਬਰ (ਐਸ,ਜੀ,ਪੀ,ਸੀ) ਸਰਪੰਚ ਸੁਖਦੀਪ ਸਿੰਘ ਸੀਪਾ, ਸਰਪੰਚ ਲਖਵੀਰ ਸਿੰਘ ਲੱਖਾ, ਬਲਾਕ ਸੰਮਤੀ ਮੈਂਬਰ ਬਲਜਿੰਦਰ ਸਿੰਘ ਪੱਪੂ,ਗੁਰਪ੍ਰੀਤ ਸਿੰਘ ਰਾਣਾਂ ਕੈਨੇਡਾ, ਗੁਰਪ੍ਰੀਤ ਸਿੰਘ ਮਨੀਲ੍ਹਾ, ਹਰਪ੍ਰੀਤ ਸਿੰਘ ਯੂ,ਐਸ,ਏ, ਚਮਕੌਰ ਸਿੰਘ ਮਨੀਲ੍ਹਾ, ਜਸਪ੍ਰੀਤ ਸਿੰਘ ਜੱਸਾ ਯੂ, ਐਸ, ਏ,ਜੋਰਾ ਸਿੰਘ ਦੌਧਰ, ਗੁਰਮੀਤ ਸਿੰਘ ਆਸਟ੍ਰੇਲੀਆ,ਕੇਪੀ ਦੌਧਰ ਆਸਟ੍ਰੇਲੀਆ, ਮਨਦੀਪ ਸਿੰਘ ਮੰਨਾਂ ਕੈਨੇਡਾ, ਦਵਿੰਦਰ ਸਿੰਘ ਹੈਪੀ ਹਾਂਗਕਾਂਗ, ਨਿਰਭੈ ਸਿੰਘ ਟੌਣਾ ਕੈਨੇਡਾ, ਹਰਪ੍ਰੀਤ ਸਿੰਘ ਕਾਕਾ ਕੈਨੇਡਾ, ਸੁਖਦਰਸ਼ਨ ਸਿੰਘ ਜੇਈ , ਪੱਤਰਕਾਰ ਗੁਰਪ੍ਰੀਤ ਸਿੰਘ,ਕਿਸਾਨ ਯੂਨੀਅਨ ਆਗੂ ਲਖਵੀਰ ਸਿੰਘ ਜੰਗ , ਕੁਲਦੀਪ ਸਿੰਘ ਖਾਲਸਾ, ਸ਼ਰਨਜੀਤ ਸਿੰਘ ਰੂਬੀ ਵੱਲੋਂ ਹਰਵਿੰਦਰ ਸਿੰਘ ਤੇ ਉਹਨਾਂ ਪਿਤਾ ਵੈਦ ਪਾਲ ਸਿੰਘ ਅਤੇ ਸਮੂੰਹ ਪਰਿਵਾਰ ਨੂੰ ਮੁਬਾਰਕਵਾਦ ਦਿੰਦਿਆਂ ਕਿਹਾ ਕਿ ਹਰਵਿੰਦਰ ਦੀ ਕੈਨੇਡਾ ਵਰਗੇ ਵਿਕਸਤ ਮੁਲਕ ਵਿੱਚ ਇਸ ਪ੍ਰਾਪਤੀ ਨਾਲ ਆਪਣੇ ਦੌਧਰ ਦੇ ਹਰ ਬਸਿੰਦੇ ਦਾ ਸਿਰ ਮਾਣ ਨਾਲ ਉੱਚਾ ਹੋਇਆ ਹੈ।

# ਕੰਗਨਾ ਰਣੌਤ ਦੀ ਨਵੀਂ ਫ਼ਿਲਮ ਐਮਰਜੈਂਸੀ 'ਤੇ ਪੰਜਾਬ 'ਚ ਵਿਵਾਦ




ਨਵੀਂ ਦਿੱਲੀ (ਪੰਜਾਬ ਸਟਾਰ) : ਮੰਡੀ, ਹਿਮਾਚਲ ਪ੍ਰਦੇਸ਼ ਤੋਂ ਭਾਜਪਾ ਸੰਸਦ ਮੈਂਬਰ ਅਤੇ ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਦੀ ਨਵੀਂ ਫਿਲਮ ਐਮਰਜੈਂਸੀ 6 ਸਤੰਬਰ ਨੂੰ ਦੇਸ਼ ਭਰ ਦੇ ਸਿਨੇਮਾ ਘਰਾਂ ਵਿੱਚ ਰਿਲੀਜ਼ ਹੋਵੇਗੀ। ਇਸ ਤੋਂ ਪਹਿਲਾਂ ਵੀ ਫਿਲਮ ਨੂੰ ਲੈ ਕੇ ਪੰਜਾਬ 'ਚ ਵਿਵਾਦ ਸ਼ੁਰੂ ਹੋ ਚੁੱਕਾ ਹੈ। ਫਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਅਤੇ ਸੀਨੀਅਰ ਅਕਾਲੀ ਆਗੂ ਕਰਨੈਲ ਸਿੰਘ ਪੀਰ ਮੁਹੰਮਦ ਨੇ ਪੰਜਾਬ ਵਿੱਚ ਫਿਲਮ ਐਮਰਜੈਂਸੀ ਦੀ ਰਿਲੀਜ਼ 'ਤੇ ਰੋਕ ਲਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਫਿਲਮ ਸੂਬੇ ਵਿੱਚ ਰਿਲੀਜ਼ ਹੁੰਦੀ ਹੈ ਤਾਂ ਇਸ ਨਾਲ ਸੂਬੇ ਦੇ ਹਾਲਾਤ ਅਤੇ ਕਾਨੂੰਨ ਵਿਵਸਥਾ ਵਿਗੜ ਸਕਦੀ ਹੈ।

ਦੱਸਿਆ ਜਾ ਰਿਹਾ ਹੈ ਕਿ ਜਲਦ ਹੀ ਕਾਂਗਰਸ ਪੰਜਾਬ ਸਰਕਾਰ ਤੋਂ ਨਵੀਂ ਫਿਲਮ ਐਮਰਜੈਂਸੀ ਦੀ ਰਿਲੀਜ਼ 'ਤੇ ਪੰਜਾਬ 'ਚ ਮੁਕੰਮਲ ਪਾਬੰਦੀ ਲਗਾਉਣ ਦੀ ਮੰਗ ਵੀ ਕਰੇਗੀ। ਅਭਿਨੇਤਰੀ ਅਤੇ ਸੰਸਦ ਮੈਂਬਰ ਕੰਗਨਾ ਰਣੌਤ ਇਸ ਫਿਲਮ 'ਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਿਰਦਾਰ ਨਿਭਾਅ ਰਹੀ ਹੈ। ਇਸ ਤੋਂ ਪਹਿਲਾਂ ਪੰਜਾਬ ਦੇ ਆਜ਼ਾਦ ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਨੇ ਟਰੇਲਰ 'ਚ ਦਿਖਾਏ ਗਏ ਦ੍ਰਿਸ਼ਾਂ 'ਤੇ ਇਤਰਾਜ਼ ਜਤਾਇਆ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਗਲਤ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਫਿਲਮ ਦੀ ਰਿਲੀਜ਼ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਹੈ।

ਸਰਬਜੀਤ ਸਿੰਘ ਖਾਲਸਾ ਨੇ ਕਿਹਾ ਕਿ ਨਵੀਂ ਫਿਲਮ ਐਮਰਜੈਂਸੀ ਵਿੱਚ ਸਿੱਖਾਂ ਨੂੰ ਗਲਤ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ, ਜਿਸ ਨਾਲ ਸਿੱਖ ਕੌਮ ਦੇ ਲੋਕਾਂ ਨੂੰ ਠੇਸ ਪਹੁੰਚ ਰਹੀ ਹੈ। ਜੇਕਰ ਇਸ ਫਿਲਮ ਵਿੱਚ ਸਿੱਖਾਂ ਨੂੰ ਵੱਖਵਾਦੀ ਜਾਂ ਅੱਤਵਾਦੀ ਵਜੋਂ ਦਿਖਾਇਆ ਗਿਆ ਹੈ, ਇਹ ਇੱਕ ਡੂੰਘੀ ਸਾਜ਼ਿਸ਼ ਹੈ। ਇਹ ਫਿਲਮ ਇੱਕ ਮਨੋਵਿਗਿਆਨਕ ਹਮਲਾ ਹੈ, ਜਿਸ ਵੱਲ ਸਰਕਾਰ ਨੂੰ ਪਹਿਲਾਂ ਹੀ ਧਿਆਨ ਦੇਣਾ ਚਾਹੀਦਾ ਹੈ ਅਤੇ ਦੂਜੇ ਦੇਸ਼ਾਂ ਵਿੱਚ ਸਿੱਖਾਂ ਪ੍ਰਤੀ ਨਫਰਤ ਨੂੰ ਭੜਕਾਉਣਾ ਬੰਦ ਕਰਨਾ ਚਾਹੀਦਾ ਹੈ। ਸਰਬਜੀਤ ਸਿੰਘ ਖਾਲਸਾ ਬੇਅੰਤ ਸਿੰਘ ਦਾ ਪੁੱਤਰ ਹੈ। ਬੇਅੰਤ ਸਿੰਘ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਵਿੱਚ ਸ਼ਾਮਲ ਸੀ। ਸਰਬਜੀਤ ਸਿੰਘ ਖਾਲਸਾ ਨੇ ਦੱਸਿਆ ਕਿ ਕੰਗਨਾ ਨੇ ਕੁਝ ਦਿਨ ਪਹਿਲਾਂ ਫਿਲਮ ਐਮਰਜੈਂਸੀ ਦਾ ਟ੍ਰੇਲਰ ਆਪਣੇ ਸੋਸ਼ਲ ਮੀਡੀਆ 'ਤੇ ਸਾਂਝਾ ਕੀਤਾ ਸੀ। ਇਸ ਵਿਚ 1980 ਦੇ ਦਹਾਕੇ ਵਿਚ ਪੰਜਾਬ ਦੇ ਦੌਰ ਨੂੰ ਵੀ ਦਰਸਾਇਆ ਗਿਆ ਹੈ। ਫਿਲਮ ਵਿੱਚ ਭਿੰਡਰਾਂਵਾਲਿਆਂ ਦਾ ਕਿਰਦਾਰ ਵੀ ਹੈ। ਸਰਬਜੀਤ ਖਾਲਸਾ ਦਾ ਮੰਨਣਾ ਹੈ ਕਿ ਫਿਲਮ ਵਿੱਚ ਸਾਕਾ ਨੀਲਾ ਤਾਰਾ ਨਾਲ ਸਬੰਧਤ ਦ੍ਰਿਸ਼ ਵੀ ਦਿਖਾਏ ਗਏ ਹਨ, ਜੋ ਕਿ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਖਤਮ ਕਰਨ ਲਈ ਹੀ ਸ਼ੁਰੂ ਕੀਤਾ ਗਿਆ ਸੀ। ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਸਿੱਖ ਭਾਈਚਾਰੇ ਦੇ ਲੋਕ ਕੰਗਨਾ ਦੀ ਨਵੀਂ ਫਿਲਮ ਐਮਰਜੈਂਸੀ ਦੀ ਰਿਲੀਜ਼ 'ਤੇ ਰੋਕ ਲਗਾਉਣ ਲਈ ਡੀਸੀ ਨੂੰ ਪੱਤਰ ਲਿਖ ਰਹੇ ਹਨ। ਸੂਬੇ ਦੀਆਂ ਕੁਝ ਜਥੇਬੰਦੀਆਂ ਆਉਣ ਵਾਲੇ ਦਿਨਾਂ ਵਿੱਚ ਇਸ ਨਵੀਂ ਫ਼ਿਲਮ ਦੇ ਰਿਲੀਜ਼ ਹੋਣ ਦੇ ਵਿਰੋਧ ਵਿੱਚ ਪ੍ਰਦਰਸ਼ਨ ਕਰਨ ਦੀ ਵੀ ਤਿਆਰੀ ਕਰ ਰਹੀਆਂ ਹਨ।

# ਭਾਰਤੀ ਮੂਲ ਦੇ ਸਾਬਕਾ ਪੁਲਿਸ ਅਧਿਕਾਰੀ ਅਮਿਤੋਜ ਓਬਰਾਏ ਨੂੰ 15 ਸਾਲ ਦੀ ਸਜ਼ਾ



ਨਿਊਜਰਸੀ : ਨਿਊਜਰਸੀ ਦੇ ਸ਼ਹਿਰ ਐਡੀਸਨ ਟਾਊਨਸ਼ਿਪ ਵਿਖੇ ਭਾਰਤੀ ਮੂਲ ਦੇ ਸਾਬਕਾ ਪੁਲਿਸ ਅਧਿਕਾਰ 31 ਸਾਲਾ ਅਮਿਤੋਜ ਓਬਰਾਏ ਨੂੰ ਸ਼ਰਾਬੀ ਹਾਲਤ 'ਚ ਤੇਜ਼ ਰਫਤਾਰ ਕਾਰ ਚਲਾਉਣ ਕਾਰਨ ਹੋਏ ਹਾਦਸੇ ਲਈ ਅਦਾਲਤ ਵੱਲੋਂ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਇਸ ਦੁਰਘਟਨਾ 'ਚ ਦੋ ਯਾਤਰੀਆਂ ਦੀ ਮੌਤ ਹੋ ਗਈ ਸੀ। ਹਾਦਸਾ ਅਗਸਤ 2023 ਵਿਚ ਹੋਇਆ ਸੀ।

ਸਮਰਸੈਟ ਕਾਉਂਟੀ ਸੁਪੀਰੀਅਰ ਕੋਰਟ ਦੇ ਜੱਜ ਨੇ ਅਮਿਤੋਜ ਓਬਰਾਏ ਨੂੰ ਹਾਦਸੇ ਲਈ ਜ਼ਿੰਮੇਵਾਰ ਠਹਿਰਾਉਂਦੇ ਹੋਏ ਫਸਟ ਡਿਗਰੀ ਦੇ ਹੱਤਿਆ ਦੇ ਦੋਸ਼ ਤਹਿਤ 15 ਸਾਲਾਂ ਦੀ ਸਜ਼ਾ ਸੁਣਾਈ ਹੈ। ਇਸ ਸਜ਼ਾ ਦੌਰਾਨ ਓਬਰਾਏ ਨੂੰ 85 ਫੀਸਦੀ ਦਾ ਸਮਾਂ ਜੇਲ੍ਹ ਵਿਚ ਰਹਿਣਾ ਪਵੇਗਾ। ਅਮਿਤੋਜ ਓਬਰਾਏ ਹਾਦਸੇ ਮੌਕੇ ਔਡੀ ਕਿਊ 7 ਚਲਾ ਰਿਹਾ ਸੀ। ਉਸ ਦੀ ਕਾਰ ਦੀ ਰਫਤਾਰ ਕਾਫੀ ਤੇਜ਼ ਸੀ। ਹਾਦਸੇ ਦੌਰਾਨ ਉਸ ਤੋਂ ਬਰੇਕ ਨਹੀਂ ਲੱਗੀ ਤੇ ਕਾਰ ਦਰੱਖਤਾਂ, ਖੰਭਿਆਂ ਆਦਿ ਵਿਚ ਟਕਰਾ ਕੇ ਸੜਕ 'ਤੇ ਉਲਟ ਗਈ। ਓਬਰਾਏ ਦੇ ਖ਼ੂਨ ਵਿਚ ਅਲਕੋਹਲ ਦੀ ਮਾਤਰਾ ਕਾਨੂੰਨੀ ਸੀਮਾ ਤੋਂ ਕਿਤੇ ਵੱਧ ਸੀ। ਇਸ ਦੌਰਾਨ ਉਹ ਖੁਦ ਵੀ ਜ਼ਖਮੀ ਹੋ ਗਿਆ ਸੀ ਅਤੇ ਉਸ ਨੂੰ ਟਰੋਮਾ ਸੈਂਟਰ ਲਿਜਾਇਆ ਗਿਆ। ਪੁਲਿਸ ਵਿਭਾਗ ਅਨੁਸਾਰ ਉਸ ਨੂੰ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ। 18 ਜੂਨ, 2024 ਨੂੰ ਓਬਰਾਏ ਨੇ ਆਪਣੇ 'ਤੇ ਲੱਗੇ ਦੋਸ਼ ਕਬੂਲ ਲਏ ਸਨ। ਜ਼ਿਕਰਯੋਗ ਹੈ ਕਿ ਇਸ ਹਾਦਸੇ ਦੌਰਾਨ ਪੇਰੇਜ਼ ਗੈਟਨ ਅਤੇ ਕੈਬਰੇਰਾ ਫਰਾਂਸਿਸਕੋ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ, ਜਦਕਿ ਇਕ ਹੋਰ ਯਾਤਰੀ ਇਸ ਮੌਕੇ ਜ਼ਖਮੀ ਹੋਇਆ ਸੀ।

# ਏਅਰ ਇੰਡੀਆ ਦੀ ਫਲਾਈਟ 'ਚ ਬੰਬ ਦੀ ਧਮਕੀ ਮਗਰੋਂ ਐਂਮਰਜੈਂਸੀ ਲੈਂਡਿੰਗ



ਏਅਰ ਇੰਡੀਆ ਦੀ ਉਡਾਣ ਦੇ ਬਾਥਰੂਮ ਵਿੱਚ ਬੰਬ ਦੀ ਧਮਕੀ ਭਰਿਆ ਸੁਨੇਹਾ ਮਿਲਣ ਤੋਂ ਬਾਅਦ ਵੀਰਵਾਰ ਨੂੰ ਤਿਰੂਵਨੰਤਪੁਰਮ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪੂਰੀ ਐਮਰਜੈਂਸੀ ਘੋਸ਼ਿਤ ਕਰ ਦਿੱਤੀ ਗਈ। ਜਹਾਜ਼ ਦੇ ਪਾਇਲਟ ਨੇ ਜਹਾਜ਼ ਦੇ ਬਾਥਰੂਮ 'ਚ ਟਿਸ਼ੂ ਪੇਪਰ 'ਤੇ ਲਿਖਿਆ 'ਬੰਬ ਇਨ ਫਲਾਈਟ' ਸੰਦੇਸ਼ ਮਿਲਣ ਤੋਂ ਬਾਅਦ ਏਟੀਸੀ ਨੂੰ ਖ਼ਤਰੇ ਬਾਰੇ ਸੂਚਿਤ ਕੀਤਾ। ਪੁਲੀਸ ਨੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸੂਤਰਾਂ ਨੇ ਦੱਸਿਆ ਕਿ ਇਸ ਸਮੇਂ ਸੁਰੱਖਿਆ ਏਜੰਸੀਆਂ ਦੁਆਰਾ ਜਹਾਜ਼ ਦੀ ਜਾਂਚ ਕੀਤੀ ਜਾ ਰਹੀ ਹੈ, ਜਿਸ ਵਿੱਚ ਬੰਬ ਖੋਜ ਸਕੁਐਡ ਵੀ ਸ਼ਾਮਲ ਹੈ। ਸੂਤਰਾਂ ਨੇ ਕਿਹਾ ਕਿ ਫਲਾਈਟ ਵਿੱਚ ਯਾਤਰਾ ਕਰਨ ਵਾਲੇ ਯਾਤਰੀ ਇਸ ਸਮੇਂ ਆਪਣੇ ਸਾਮਾਨ ਦੀ ਡਿਲੀਵਰੀ ਹੋਣ ਦੀ ਉਡੀਕ ਕਰ ਰਹੇ ਹਨ। ਇਸ ਤੋਂ ਪਹਿਲਾਂ 135 ਯਾਤਰੀਆਂ ਨਾਲ ਇਹ ਉਡਾਣ ਸਵੇਰੇ 8 ਵਜੇ ਦੇ ਕਰੀਬ ਹਵਾਈ ਅੱਡੇ 'ਤੇ ਸੁਰੱਖਿਅਤ ਰੂਪ ਨਾਲ ਉਤਰੀ ਅਤੇ ਉਸ ਨੂੰ ਆਈਸੋਲੇਸ਼ਨ ਵੇਅ 'ਤੇ ਲਿਜਾਇਆ ਗਿਆ। ਯਾਤਰੀਆਂ ਨੂੰ ਫਲਾਈਟ 'ਚੋਂ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਸੀ।

# ਨਿਊਜਰਸੀ : ਭਾਰਤੀ ਮੂਲ ਦੇ ਸਾਬਕਾ ਪੁਲਿਸ ਅਧਿਕਾਰੀ ਨੂੰ 15 ਸਾਲ ਦੀ ਕੈਦ



ਨਿਊਜਰਸੀ : ਬੀਤੇਂ ਦਿਨ ਐਡੀਸਨ, ਨਿਊਜਰਸੀ ਦੇ ਇਕ ਭਾਰਤੀ ਮੂਲ ਦੇ ਪੁਲਿਸ ਅਧਿਕਾਰੀ ਅਮਿਤੋਜ ਓਬਰਾਏ 31 ਸਾਲਾ ਨੂੰ ਜੋ ਐਡੀਸਨ ਟਾਊਨਸ਼ਿਪ , ਨਿਊਜਰਸੀ ਵਿੱਚ ਤਾਇਨਾਤ ਪੁਲਿਸ ਅਧਿਕਾਰੀ ਸੀ। ਉਸ ਨੂੰ ਇੱਕ ਤੇਜ਼ ਰਫ਼ਤਾਰ, ਸ਼ਰਾਬੀ ਡਰਾਈਵਿੰਗ ਹਾਦਸੇ ਲਈ ਨਿਊਜਰਸੀ ਰਾਜ ਦੀ ਅਦਾਲਤ ਨੇ 15 ਸਾਲ ਦੀ ਸਜ਼ਾ ਸੁਣਾਈ ਹੈ। ਉਸ ਵੱਲੋਂ ਸ਼ਰਾਬੀ ਹਾਲਤ ਵਿੱਚ ਦੋ ਕਾਰ ਵਿੱਚ ਸਵਾਰ ਯਾਤਰੀਆਂ ਨੂੰ ਨਸ਼ੇ ਦੀ ਹਾਲਤ ਵਿੱਚ ਟੱਕਰ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਇਹ ਦਰਦਨਾਇਕ ਹਾਦਸਾ ਅਗਸਤ 2023 ਵਿੱਚ ਹੋਇਆ ਸੀ। ਇਹ ਸ਼ਜਾ ਨਿਊਜਰਸੀ ਰਾਜ ਦੀ ਸਮਰਸੈਟ ਕਾਉਂਟੀ ਦੀ ਸੁਪੀਰੀਅਰ ਕੋਰਟ ਦੇ ਜੱਜ ਨੇ ਸੁਣਾਈ ਜਿਸ ਵਿੱਚ ਉਸ ਉੱਤੇ ਪਹਿਲੀ ਡਿਗਰੀ ਵਾਹਨਾਂ ਦੀ ਹੱਤਿਆ ਲਈ ਦੋਸ਼ ਲੱਗੇ ਸਨ। ਭਾਰਤੀ ਮੂਲ ਦੇ ਪੁਲਿਸ ਅਧਿਕਾਰੀ ਅਮਿਤੋਜ ਓਬਰਾਏ ਇੱਕ ਔਡੀ 7 ਚਲਾ ਰਿਹਾ ਸੀ ਜਦੋਂ ਉਸ ਦਾ ਵਾਹਨ, ਬਹੁਤ ਤੇਜ਼ ਰਫ਼ਤਾਰ ਨਾਲ ਸੀ, ਅਤੇ ਉਹ ਸ਼ਰਾਬ ਦੇ ਨਸ਼ੇ ਵਿੱਚ ਸੀ, ਜੋ ਤੇਜ਼ ਹੋਣ ਕਾਰਨ ਬੇਕਾਬੂ ਹੋ ਗਿਆ ਜੋ। ਪਹਿਲਾਂ, ਦਰਖਤਾਂ, ਲੈਂਪ ਪੋਸਟਾਂ ਅਤੇ ਇੱਕ ਬਿਜਲੀ ਦੇ ਖੰਭੇ ਨਾਲ ਟਕਰਾ ਕੇ ਸੜਕ ਤੇ ਜਾਂਦੀ ਇੱਕ ਕਾਰ ਜਾ ਵੱਜਾ ਜਿਸ ਨਾਲ ਦੋ ਲੋਕਾਂ ਦੀ ਮੌਕੇ ਤੇ ਹੀ ਮੌਤ ਹੋ ਗਈ ਅਤੇ ਉਸ ਦੀ ਕਾਰ ਵੀ ਉਲਟ ਗਈ। ਭਾਰਤੀ ਪੁਲਿਸ ਅਧਿਕਾਰੀ ਅਮਿਤੋਜ ਸੰਬਰਾਏ ਵੀ ਜਿਸ ਦੇ ਖ਼ੂਨ ਵਿਚ ਅਲਕੋਹਲ ਦਾ ਪੱਧਰ ਕਰੈਸ਼ ਦੇ ਸਮੇਂ ਕਾਨੂੰਨੀ ਸੀਮਾ ਤੋਂ ਵੱਧ ਸੀ, ਨੂੰ ਉਸ ਦੀਆਂ ਸੱਟਾਂ ਦੇ ਇਲਾਜ ਲਈ ਟਰਾਮਾ ਸੈਂਟਰ ਲਿਜਾਇਆ ਗਿਆ। ਬਾਅਦ ਵਿੱਚ ਉਸਨੂੰ ਐਡੀਸਨ ਨਿਊਜਰਸੀ ਪੁਲਿਸ ਵਿਭਾਗ ਨੇ ਮੌਕੇ ਤੇ ਹੀ ਮੁਅੱਤਲ ਕਰ ਦਿੱਤਾ ਸੀ, ਅਤੇ ਉਸ ਦੇ ਕੇਸ ਦਾ ਨਤੀਜਾ ਲੰਬਿਤ ਸੀ। ਅਦਾਲਤ ਵਿੱਵ ਅਮਿਤੋਜ ਓਬਰਾਏ ਨੇ 18 ਜੂਨ 2024 ਨੂੰ ਆਪਣੇ ਦੋਸ਼ ਕਬੂਲ ਕਰ ਲਏ ਸਨ। ਅਤੇ ਅਦਾਲਤ ਨੇ ਵਾਹਨ ਹੱਤਿਆ ਦੇ ਦੋਸ਼ਾਂ ਤੋ ਇਲਾਵਾ ਅਮਿਤੋਜ ਓਬਰਾਏ ਨੂੰ ਨਸ਼ੇ ਵਿੱਚ ਗੱਡੀ ਚਲਾਉਣ ਦੇ ਦੋਸ਼ ਹੇਠ 15 ਸਾਲ ਦੀ ਕੈਦ ਦੀ ਸ਼ਜਾ ਸੁਣਾਈ ਗਈ ਹੈ।

# ਅਮਰੀਕਾ ਦੇ ਨਵੇਂ ਵੀਜ਼ਾ ਬੁਲੇਟਿਨ 'ਚ ਕੋਈ ਖਾਸ ਤਬਦੀਲੀ ਨਹੀਂ ਹੋਈ




ਵਾਸ਼ਿੰਗਟਨ ਡੀ.ਸੀ. : ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਆਪਣਾ ਨਵਾਂ ਵੀਜ਼ਾ ਬੁਲੇਟਿਨ ਪੇਸ਼ ਕੀਤਾ ਗਿਆ ਹੈ, ਜਿਸ ਅਨੁਸਾਰ ਪਰਿਵਾਰਕ ਵੀਜ਼ਿਆਂ ਵਿਚ ਬਿਲਕੁਲ ਮਾਮੂਲੀ ਹਿੱਲਜੁੱਲ ਹੋਈ ਹੈ। ਜਿਸ ਕਰਕੇ ਬਿਨੈਕਾਰਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਬਾਲਗ ਅਮਰੀਕੀ ਨਾਗਰਿਕਾਂ ਦੇ ਭੈਣ–ਭਰਾ ਢ–4 ਸ਼੍ਰੇਣੀ ਅਧੀਨ ਆਉਂਦੇ ਹਨ। ਭਾਰਤੀਆਂ ਲਈ ਉਨ੍ਹਾਂ ਦਾ ਸਟੇਟਸ ਅਤੇ ਵੀਜ਼ਾ ਕੱਟ–ਆਫ ਮਿਤੀ ਪਿਛਲੇ ਮਹੀਨੇ ਵਾਂਗ 15 ਜੂਨ, 2006 ਹੀ ਦਰਸਾਈ ਗਈ ਹੈ। ਯਾਨੀ ਕਿ ਇਸ ਵਿਚ ਕੋਈ ਹਿੱਲਜੁੱਲ ਨਹੀਂ ਹੋਈ। ਇਸੇ ਤਰ੍ਹਾਂ ਅਮਰੀਕੀ ਨਾਗਰਿਕਾਂ ਦੇ ਵਿਆਹੇ ਪੁੱਤਰ ਅਤੇ ਧੀਆਂ ਦੀ ਕੱਟ–ਆਫ ਮਿਤੀ 1 ਜਨਵਰੀ, 2011 ਵਾਂਗ ਹੀ ਰਹੇਗੀ। ਪਰਿਵਾਰ ਆਧਾਰਿਤ ਤਰਜੀਹੀ ਸ਼੍ਰੇਣੀ ਢ–2ਬ, ਯਾਨੀ ਕਿ ਅਮਰੀਕੀ ਨਿਵਾਸੀਆਂ ਦੇ ਅਣਵਿਆਹੇ ਪੁੱਤਰ ਅਤੇ ਧੀਆਂ, ਜਿਨ੍ਹਾਂ ਦੀ ਉਮਰ 21 ਸਾਲ ਹੈ, ਉਨ੍ਹਾਂ ਲਈ ਇੰਡੀਆ ਵੀਜ਼ਾ ਕੱਟ–ਆਫ ਮਿਤੀ 1 ਜਨਵਰੀ, 2017 ਹੀ ਰਹੇਗੀ।

ਇਸੇ ਤਰ੍ਹਾਂ ਢ–2ਅ ਪੱਕੇ ਨਿਵਾਸੀਆਂ ਦੇ ਜੀਵਨ ਸਾਥੀ ਅਤੇ ਬੱਚੇ ਲਈ ਇੰਡੀਆ ਵੀਜ਼ਾ ਕੱਟ–ਆਫ ਮਿਤੀ 15 ਜੂਨ, 2024 ਵਾਂਗ ਹੀ ਰਹੇਗੀ। ਅਮਰੀਕੀ ਨਾਗਰਿਕਾਂ ਦੇ ਅਣਵਿਆਹੇ ਪੁੱਤਰ ਅਤੇ ਧੀਆਂ ਢ–1 ਕੈਟਾਗਿਰੀ ਅਧੀਨ ਆਉਂਦੇ ਹਨ। ਉਨ੍ਹਾਂ ਦੀ ਵੀਜ਼ਾ ਕੱਟ–ਆਫ ਮਿਤੀ 1 ਸਤੰਬਰ, 2017 ਵਾਂਗ ਹੀ ਰਹੇਗੀ। ਇਹ ਵੇਰਵਾ ਦਰਸਾਉਂਦਾ ਹੈ ਕਿ ਜੁਲਾਈ ਅਤੇ ਅਗਸਤ 2024 ਲਈ ਜਿੱਥੇ ਵੀਜ਼ਾ ਬੁਲੇਟਿਨਾਂ ਵਿਚ ਕਾਫੀ ਤੇਜ਼ੀ ਦੇਖਣ ਨੂੰ ਮਿਲੀ ਸੀ, ਉਸ ਦੇ ਉਲਟ ਸਤੰਬਰ ਵੀਜ਼ਾ ਬੁਲੇਟਿਨ ਵਿਚ ਕੋਈ ਮਹੱਤਵਪੂਰਨ ਤਬਦੀਲੀ ਨਹੀਂ ਹੋਈ ਹੈ।



# “ਜ਼ਬਾਨਾਂ ਦਾ ਜਨਮ ਤੇ ਸਬੰਧ ਧਰਤੀ ਨਾਲ ਹੈ, ਧਰਮਾਂ ਨਾਲ ਨਹੀਂ”:– ਡਾ.ਨਾਬੀਲਾ ਰਹਿਮਾਨ

## ਓਰੀਐਂਟਲ ਕਾਲਜ ਲਾਹੌਰ ਦੀ ਪ੍ਰਿੰਸੀਪਲ ਨੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਸਮਾਗ਼ਮ ‘ਚ ਪੰਜਾਬੀ ਬੋਲੀ ਬਾਰੇ ਕੀਤੀਆਂ ਖੁੱਲ੍ਹੀਆਂ-ਡੁੱਲ੍ਹੀਆਂ ਗੱਲਾਂ ਕਵੀ-ਦਰਬਾਰ ਵੀ ਹੋਇਆ










ਬਰੈਂਪਟਨ, (ਡਾ. ਝੰਡ) – ਲੰਘੇ ਐਤਵਾਰ 18 ਅਗਸਤ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਮਹੀਨਾਵਾਰ ਸਮਾਗ਼ਮ ਵਿਚ ਲਾਹੌਰ ਤੋਂ ਡਾ. ਨਾਬੀਲਾ ਰਹਿਮਾਨ ਨਾਲ ਪਾਕਿਸਤਾਨ ਵਿਚ ਪੰਜਾਬੀ ਬੋਲੀ, ਸਾਹਿਤ ਤੇ ਸੱਭਿਆਚਾਰ ਦੀ ਅਜੋਕੀ ਸਥਿਤੀ ਬਾਰੇ ਬੜਾ ਖੁੱਲ੍ਹ ਕੇ ਵਿਚਾਰ-ਵਟਾਂਦਰਾ ਹੋਇਆ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਉਨ੍ਹਾਂ ਦੇ ਨਾਲ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ, ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਅਤੇ ਡਾ. ਸੁਰਿੰਦਰਜੀਤ ਕੌਰ ਸੁਸ਼ੋਭਿਤ ਸਨ। ਸਮਾਗ਼ਮ ਦੇ ਆਰੰਭ ‘ਚ ਪਿਛਲੇ ਦਿਨੀਂ ਕਰਨ ਅਜਾਇਬ ਸਿੰਘ ਸੰਘਾ ਦੀ ਧਰਮਪਤਨੀ ਸ਼੍ਰੀਮਤੀ ਦਵਿੰਦਰ ਕੌਰ ਸੰਘਾ ਦੇ ਅਕਾਲ- ਚਲਾਣੇ ‘ਤੇ ਦੋ ਮਿੰਟ ਦਾ ਮੋਨ ਰੱਖ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ। ਉਪਰੰਤ, ਸਭਾ ਦੇ ਮੈਂਬਰਾਂ ਦੇ ਕੁਝ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਬੜੇ ਭਾਵਪੂਰਤ ਸ਼ਬਦਾਂ ਵਿਚ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਡਾ. ਜਗਮੋਹਨ ਸੰਘਾ ਵੱਲੋਂ ਸਮਾਗ਼ਮ ਦੇ ਮੁੱਖ-ਮਹਿਮਾਨ ਡਾ. ਨਾਬੀਲਾ ਰਹਿਮਾਨ ਬਾਰੇ ਮੁੱਢਲੀ ਜਾਣ-ਪਛਾਣ ਕਰਵਾਉਣ ਤੋਂ ਬਾਅਦ ਮੰਚ-ਸੰਚਾਲਕ ਪ੍ਰੋ. ਤਲਵਿੰਦਰ ਮੰਡ ਵੱਲੋਂ ਉਨ੍ਹਾਂ ਨੂੰ ਆਪਣੇ ਬਾਰੇ ਤੇ ਪੰਜਾਬੀ ਬੋਲੀ ਬਾਰੇ ਵਿਚਾਰ ਪੇਸ਼ ਕਰਨ ਲਈ ਬੇਨਤੀ ਗਈ। ਆਪਣੇ ਸੰਬੋਧਨ ਦੀ ਸ਼ੁਰੂਆਤ ‘ਚ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਮਾਂ ਮਹਿਜ਼ 39 ਸਾਲ ਦੀ ਉਮਰ ਵਿਚ ਹੀ ਅੱਲਾ ਨੂੰ ਪਿਆਰੀ ਹੋ ਗਈ ਅਤੇ ਉਨ੍ਹਾਂ ਦੇ ਬਾਪ ਨੇ ਉਨ੍ਹਾਂ ਨੂੰ ਮਾਂ-ਬਾਪ ਦੋਹਾਂ ਦਾ ਹੀ ਪਿਆਰ ਦਿੱਤਾ। ਉਨ੍ਹਾਂ ਆਪਣੀ ਸ਼ੁਰੂਆਤੀ ਪੜ੍ਹਾਈ ਮੈਡੀਕਲ ਸਾਇੰਸ ਵਿਚ ਕੀਤੀ ਪਰ ਬਾਅਦ ਵਿਚ ਉਨ੍ਹਾਂ ਦੀ ਦਿਲਚਸਪੀ ਪੰਜਾਬੀ ਭਾਸ਼ਾ ਵੱਲ ਬਣ ਗਈ ਅਤੇ ਉਨ੍ਹਾਂ ਇਸ ਵਿਚ ਐੱਮ.ਏ. ਤੇ ਪੀਐੱਚ.ਡੀ. ਕੀਤੀ। ਮਾਂ-ਬੋਲੀ ਪੰਜਾਬੀ ਵੱਲ ਆਉਣ ਤੇ ਉਨ੍ਹਾਂ ਨੂੰ ਕਈ ਲੋਕਾਂ ਦੇ ਤਾਹਨੇ-ਮਿਹਣਿਆਂ ਦਾ ਵੀ ਸਾਹਮਣਾ ਕਰਨਾ ਪਿਆ। ਉਨ੍ਹਾਂ ਬਾਬਾ ਫ਼ਰੀਦ, ਬਾਬਾ ਬੁੱਲ੍ਹੇ ਸ਼ਾਹ ਤੇ ਬਾਬਾ ਨਾਨਕ ਜੀ ਦੇ ਕਲਾਮ ਪੜ੍ਹਨ ਦੇ ਨਾਲ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵੀ ਅਧਿਐੱਨ ਕੀਤਾ। ਲਾਹੌਰ ਵਿਚ ਇੰਸਟੀਚਿਊਟ ਆਫ਼ ਪੰਜਾਬੀ ਲੈਂਗੂਏਜ, ਲਿਟਰੇਚਰ ਐਂਡ ਕਰਚਰ ਸਥਾਪਿਤ ਕਰਨ ਵਿਚ ਉਨ੍ਹਾਂ ਨੂੰ ਸਖ਼ਤ ਮਿਹਨਤ ਕਰਨੀ ਪਈ। ਇਹ ਏਡਾ ਸੌਖਾ ਕੰਮ ਨਹੀਂ ਸੀ ਅਤੇ ਇਸ ਦੇ ਲਈ ਕਈ ਕਿਸਮ ਦੀ ਵਿਰੋਧਤਾ ਝੱਲਣੀ ਪਈ।

ਉਨ੍ਹਾਂ ਕਿਹਾ ਕਿ ਜ਼ਬਾਨਾਂ ਦਾ ਜਨਮ ਤੇ ਇਨ੍ਹਾਂ ਦਾ ਸਬੰਧ ਧਰਤੀ ਨਾਲ ਹੁੰਦਾ ਹੈ ਅਤੇ ਧਰਮਾਂ ਨਾਲ ਇਨ੍ਹਾਂ ਦਾ ਕੋਈ ਲੈਣ-ਦੇਣ ਨਹੀਂ ਹੈ ਪਰ ਬੜੇ ਦੁੱਖ ਤੇ ਅਫ਼ਸੋਸ ਦੀ ਗੱਲ ਹੈ ਕਿ ਬਹੁਤ ਸਾਰੇ ਲੋਕਾਂ ਵੱਲੋਂ ਪੰਜਾਬੀ ਬੋਲੀ ਤੇ ਗੁਰਮੁਖੀ ਲਿਪੀ ਸਿੱਖਾਂ ਦੀ ਅਤੇ ਅਰਬੀ-ਫ਼ਾਰਸੀ ਬੋਲੀ ਤੇ ਸ਼ਾਹਮੁਖੀ ਲਿਪੀ ਨੂੰ ਮੁਸਲਮਾਨਾਂ ਦੀ ਸਮਝਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀ ਇਹ ਧਾਰਨਾ ਬਦਲਣ ਦੀ ਲੋੜ ਹੈ। ਸੂਫ਼ੀ ਸਾਹਿਤ ਇਕ ਅਣਮੁੱਲਾ ਖ਼ਜ਼ਾਨਾ ਹੈ ਅਤੇ ਸ਼ਾਹਮੁਖੀ ਵਿਚ ਹੋਣ ਕਰਕੇ ਇਹ ਸ਼ਾਹਮੁਖੀ ਨਾ ਜਾਨਣ ਵਾਲਿਆਂ ਤੱਕ ਪਹੁੰਚਾਉਣ ਲਈ ਇਸ ਨੂੰ ਗੁਰਮੁਖੀ, ਅੰਗਰੇਜ਼ੀ ਤੇ ਹੋਰ ਲਿਪੀਆਂ ਵਿਚ ਬਦਲਣ ਦੀ ਜ਼ਰੂਰਤ ਹੈ। ਸ਼ਾਹਮੁਖੀ ਤੇ ਗੁਰਮੁਖੀ ਨੂੰ ਇਕ ਦੂਸਰੀ ਦੇ ਨੇੜੇ ਲਿਆਉਣਾ ਸਮੇਂ ਦੀ ਲੋੜ ਹੈ। ਸਾਨੂੰ ਸਿਰਫ਼ ਚੜ੍ਹਦੇ ਤੇ ਲਹਿੰਦੇ ਪੰਜਾਬ ਬਾਰੇ ਹੀ ਨਹੀਂ ਸੋਚਣਾ ਚਾਹੀਦਾ, ਸਗੋਂ ਹੁਣ ਵਿਦੇਸ਼ਾਂ ਵਿਚ ਬਣੇ ਨਵੇਂ ਪੰਜਾਬਾਂ ਦੀ ਵੀ ਗੱਲ ਕਰਨੀ ਚਾਹੀਦੀ ਹੈ। ਪਾਕਿਸਤਾਨ ਵਿਚ 14 ਕਰੋੜ ਪੰਜਾਬੀ ਬੈਠੇ ਹਨ, ਚੜ੍ਹਦੇ ਪੰਜਾਬ ਵਿਚ ਤਿੰਨ ਕਰੋੜ ਹਨ ਅਤੇ ਵਿਦੇਸ਼ਾਂ ਵਿਚ ਇਨ੍ਹਾਂ ਦੀ ਗਿਣਤੀ ਕਈ ਕਰੋੜਾਂ ਵਿਚ ਹੈ। ਇਨ੍ਹਾਂ ਦੀ ਆਪਸੀ ਨੇੜਤਾ ਤੇ ਮੇਲ਼-ਜੋਲ਼ ਵਧਾਉਣ ਲਈ ਅੰਤਰਰਾਸ਼ਟਰੀ ਪੱਧਰ ‘ਤੇ ‘ਸਾਂਝਾ ਇਕਨਾਮਿਕ ਫੋਰਦੀ ਲੋੜ ਹੈ। ਅਜੋਕੇ ਸਮੇਂ ਵਿਚ ਪੰਜਾਬੀ ਨੂੰ ਮਾਰਕੀਟਿੰਗ ਦੀ ਭਾਸ਼ਾ ਬਨਾਉਣ ਦੀ ਵੱਡੀ ਜ਼ਰੂਰਤ ਹੈ ਜਿਸਦੀ ਵੱਡੀ ਜ਼ਿੰਮੇਵਾਰੀ ਇਹ ਫੋਰਮ ਸੰਭਾਲੇ। ਪੰਜਾਬੀ ਬੋਲੀ ਦੇ ਨਾਲ ਇਸ ਦੀਆਂ ‘ਬੋਲੜੀਆਂ’ (ਉਪ-ਭਾਖਾਵਾਂ) ਨੂੰ ਵੀ ਵਿਕਸਿਤ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜੇਕਰ ਤੁਹਾਡੇ ਅੰਦਰ ਸੱਚ ਹੈ ਤਾਂ ਡਰਨ ਦੀ ਕੋਈ ਲੋੜ ਨਹੀਂ ਹੈ। ਕੇਵਲ ਮਰਦਾਂ ਵੱਲੋਂ ਹੀ ਨਹੀਂ, ਸਗੋਂ ਔਰਤਾਂ ਵੱਲੋਂ ਵੀ ਸਮਾਜ ਦੀ ਬੇਹਤਰੀ ਲਈ ਡੱਟ ਕੇ ਕੰਮ ਕੀਤਾ ਜਾ ਸਕਦਾ ਹੈ।

ਉਨ੍ਹਾਂ ਹੋਰ ਕਿਹਾ ਕਿ ਪੰਜਾਬੀ ਵਿਚ ਹੋਰ ਸ਼ਬਦਾਵਲੀ ਲਿਆਉਣ ਦੇ ਨਾਲ ਨਾਲ ਹੁਨਰਮੰਦਾਂ (ਤਰਖਾਣਾਂ, ਲੋਹਾਰਾਂ ਤੇ ਹੋਰ ਕਾਰੀਗਰਾਂ) ਦੀ ਤਕਨੀਕੀ ਸ਼ਬਦਾਵਲੀ ਨੂੰ ਵੀ ਅੱਗੇ ਵਧਾਉਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਇਹ ਆਮ ਧਾਰਨਾ ਹੈ ਕਿ ਪੰਜਾਬੀ ਅਨਪੜ੍ਹਾਂ ਤੇ ਗੰਵਾਰਾਂ ਦੀ ਬੋਲੀ ਹੈ ਜੋ ਕੇ ਸਰਾਸਰ ਗ਼ਲਤ ਹੈ। ਸਕੂਲਾਂ ਵਿਚ ਉਰਦੂ ਦੇ ਨਾਲ ਨਾਲ ਪੰਜਾਬੀ ਤੇ ਅੰਗਰੇਜ਼ੀ ਨੂੰ ਵੀ ਪੜ੍ਹਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਪੰਜਾਬੀਆਂ ਦੇ ਜਿਗਰੇ ਬੜੇ ਵੱਡੇ ਹਨ। ਸੰਬੋਧਨ ਤੋਂ ਬਾਅਦ ਸਰੋਤਿਆਂ ਵਿਚੋਂ ਉਨ੍ਹਾਂ ਨੂੰ ਬਲਰਾਜ ਬਲਰਾਜ ਚੀਮਾ, ਲਖਬੀਰ ਸਿੰਘ ਕਾਹਲੋਂ, ਡਾ. ਸੁਖਦੇਵ ਸਿੰਘ ਝੰਡ, ਡਾ. ਜਗਮੋਹਨ ਸੰਘਾ, ਪ੍ਰੋ. ਤਲਵਿੰਦਰ ਸਿੰਘ ਮੰਡ, ਕੁਲ ਦੀਪ, ਰਾਜਕੁਮਾਰ ਓਸ਼ੋਰਾਜ, ਹਰਜਿੰਦਰ ਸਿੰਘ ਭਸੀਨ ਤੇ ਕਈ ਹੋਰਨਾਂ ਵੱਲੋਂ ਪੰਜਾਬੀ ਬੋਲੀ ਬਾਰੇ ਵੱਖ-ਵੱਖ ਸੁਆਲ ਪੁੱਛੇ ਗਏ ਜਿਨ੍ਹਾਂ ਦੇ ਜੁਆਬ ਉਨ੍ਹਾਂ ਵੱਲੋਂ ਬੜੇ ਤਸੱਲੀਬਖ਼ਸ਼ ਦਿੱਤੇ ਗਏ। ਸਮਾਗ਼ਮ ਦੇ ਦੂਸਰੇ ਭਾਗ ਵਿਚ ਕਵੀ ਦਰਬਾਰ ਹੋਇਆ ਜਿਸ ਵਿਚ ਮੰਚ-ਸੰਚਾਲਕ ਤਲਵਿੰਦਰ ਮੰਡ ਵੱਲੋਂ ਸਭ ਤੋਂ ਪਹਿਲਾਂ ਲਹਿੰਦੇ ਪੰਜਾਬ ਦੇ ਕਵੀ ਮਕਸੂਦ ਚੌਧਰੀ ਨੂੰ ਮੰਚ ‘ਤੇ ਆਉਣ ਦਾ ਸੱਦਾ ਦਿੱਤਾ ਗਿਆ। ਉਨ੍ਹਾਂ ਤੋਂ ਬਾਅਦ ਵਾਰੀ-ਵਾਰੀ ਇਕਬਾਲ ਬਰਾੜ, ਕਰਨ ਅਜਾਇਬ ਸੰਘਾ, ਰੂਬੀ ਕਰਤਾਰਪੁਰੀ, ਲਖਬੀਰ ਸਿੰਘ ਕਾਹਲੋਂ, ਪ੍ਰੀਤਮ ਧੰਜਲ, ਲਹਿੰਦੇ ਪੰਜਾਬ ਦੇ ਹਜ਼ਰਤ ਸ਼ਾਮ ਸੰਧੂ, ਪ੍ਰੋ.ਆਸ਼ਿਕ ਰਹੀਲ, ਰਾਸ਼ੀਦ ਨਦੀਮ ਤੇ ਬਾਬਰ ਅਬਦੁੱਲਾ ਖ਼ਾਨ ਸਾਹੀ, ਹਰਮੇਸ਼ ਜੀਂਦੋਵਾਲ, ਗਿਆਨ ਸਿੰਘ ਦਰਦੀ, ਸੁਖਚਰਨਜੀਤ ਗਿੱਲ, ਜੱਸੀ ਭੁੱਲਰ ਢਪਾਲੀ, ਰਮਿੰਦਰ ਰੰਮੀ, ਪੰਜਾਬ ਸਿੰਘ ਕਾਹਲੋਂ, ਡਾ. ਜਗਮੋਹਨ ਸੰਘਾ, ਹਰਜਿੰਦਰ ਸਿੰਘ ਭਸੀਨ, ਰਾਜਕੁਮਾਰ ਓਸ਼ੋਰਾਜ, ਕੁਲ ਦੀਪ, ਸੁਰਿੰਦਰਜੀਤ ਕੌਰ, ਡਾ. ਨਬੀਲਾ ਰਹਿਮਾਨ ਅਤੇ ਪਰਮਜੀਤ ਢਿੱਲੋਂ ਵੱਲੋਂ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆਂ। ਡਾ. ਸੁਖਦੇਵ ਸਿੰਘ ਝੰਡ ਨੇ ਇਸ ਵਾਰ ਲਹਿੰਦੇ ਪੰਜਾਬ ਦੇ ਮਸ਼ਹੂਰ ਸ਼ਾਇਰ ਅਫ਼ਜ਼ਲ ਸਾਹਿਰ ਦੀ ਭਾਰ ਤੇ ਪਾਕਿਸਤਾਨ ਦੀ ਕਥਿਤ ‘ਆਜਾਦੀ’ ਬਾਰੇ ਕਵਿਤਾ “ਮੈਂ ਰੱਬ ਨਾਲ ਦੁਖੜੇ ਫੋਲ਼ਦਾ ਜੇ ਬੰਦਾ ਹੁੰਦਾ” ਸੁਣਾਈ ਜਿਸ ਨੂੰ ਸਰੋਤਿਆਂ ਵੱਲੋਂ ਭਾਰੀ ਦਾਦ ਮਿਲੀ। ਇਸ ਸੈਸ਼ਨ ਦੇ ਪ੍ਰਧਾਨਗੀ-ਮੰਡਲ ਵਿਚ ਪ੍ਰੋ. ਆਸ਼ਿਕ ਰਹੀਲ, ਸ਼ਾਮ ਸਿੰਘ ‘ਅੰਗਸੰਗ’, ਸ਼ਾਇਰ ਮਲਵਿੰਦਰ, ਰਾਸ਼ੀਦ ਨਦੀਮ ਤੇ ਮਲੂਕ ਸਿੰਘ ਕਾਹਲੋਂ ਸ਼ਾਮਲ ਸਨ। ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਪ੍ਰਧਾਨਗੀ-ਮੰਡਲ ਵਿੱਚੋਂ ਸਭਾ ਦੇ ਮੁੱਢਲੇ ਮੈਂਬਰ ਮਲੂਕ ਸਿੰਘ ਕਾਹਲੋਂ ਵੱਲੋਂ ਮੁੱਖ-ਮਹਿਮਾਨ ਡਾ. ਨਾਬੀਲਾ ਰਹਿਮਾਨ, ਸਮੂਹ ਬੁਲਾਰਿਆਂ ਤੇ ਸਰੋਤਿਆਂ ਦਾ ਇਸ ਸਮਾਗ਼ਮ ਨੂੰ ਸਫ਼ਲ ਬਨਾਉਣ ਲਈ ਹਾਰਦਿਕ ਧੰਨਵਾਦ ਕੀਤਾ ਗਿਆ। ਸਮਾਗ਼ਮ ਵਿਚ ਹੋਰਨਾਂ ਤੋਂ ਇਲਾਵਾ ਹਰਦੀਪ ਕੌਰ, ਬਲਦੇਵ ਰਹਿਪਾ, ਪ੍ਰੋ.ਸਿਕੰਦਰ ਸਿੰਘ ਗਿੱਲ, ਸ਼ਮਸ਼ੇਰ ਸਿੰਘ, ਪਰਸ਼ੋਤਮ ਸਿੰਘ, ਅਮਰਜੀਤ ਸਿੰਘ ਬਾਈ, ਸੁਖਜਿੰਦਰ ਸਿੰਘ ਮੱਲ੍ਹੀ, ਮਹਿੰਦਰ ਸਿੰਘ ਟਿਵਾਣਾ, ਗੁਰਵਿੰਦਰ ਸਿੰਘ, ਸੁਰਿੰਦਰਪਾਲ ਸਿੰਘ ਤੇ ਕੁਲਦੀਪ ਕੌਰ ਸ਼ਾਮਲ ਸਨ।

## ਪੰਜਾਬ ‘ਚ ਨਵੇਂ ਟੂ-ਵ੍ਹੀਲਰਸ ਤੇ ਗੱਡੀਆਂ ਹੋਈਆਂ ਮਹਿੰਗੀਆਂ

ਪੰਜਾਬ ਵਿੱਚ ਹੁਣ ਵਾਹਨਾਂ ਦੀ ਰਜਿਸਟ੍ਰੇਸ਼ਨ ਮਹਿੰਗੀ ਹੋ ਗਈ ਹੈ ਕਿਉਂਕਿ ਸੂਬੇ ਵਿੱਚ ਗ੍ਰੀਨ ਟੈਕਸ ਲਾਗੂ ਹੋ ਗਿਆ ਹੈ। ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਅਜਿਹੀ ਸਥਿਤੀ ਵਿੱਚ, ਹੁਣ ਗੈਰ-ਟਰਾਂਸਪੋਰਟ ਵਾਹਨਾਂ ਨੂੰ ਗ੍ਰੀਨ ਟੈਕਸ (ਵਾਹਨਾਂ ਦੇ ਰਜਿਸਟ੍ਰੇਸ਼ਨ ਸਰਟੀਫਿਕੇਟ ਦੇ ਨਵੀਨੀਕਰਨ ‘ਤੇ) ਅਦਾ ਕਰਨਾ ਹੋਵੇਗਾ। ਇਸ ਨੂੰ ਡੀਜ਼ਲ ਅਤੇ ਪੈਟਰੋਲ ਵਾਹਨਾਂ ‘ਤੇ ਵੱਖਰੇ ਤੌਰ ‘ਤੇ ਰੱਖਿਆ ਗਿਆ ਹੈ। ਪਰ ਐੱਲ.ਪੀ.ਜੀ., ਸੀ.ਐੱਨ.ਜੀ., ਬੈਟਰੀ ਜਾਂ ਸੂਰਜੀ ਊਰਜਾ ‘ਤੇ ਚੱਲਣ ਵਾਲੇ ਵਾਹਨਾਂ ਨੂੰ ਇਸ ਸ਼੍ਰੇਣੀ ਤੋਂ ਬਾਹਰ ਰੱਖਿਆ ਗਿਆ ਹੈ। ਹੁਣ ਪੁਰਾਣੇ ਨਾਨ-ਟ੍ਰਾਂਸਪੋਰਟ ਵਾਹਨਾਂ ਦੀ ਰਜਿਸਟ੍ਰੇਸ਼ਨ ਲਈ ਪੈਟਰੋਲ ਦੋ ਪਹੀਆ ਵਾਹਨ ਮਾਲਕਾਂ ਨੂੰ 500 ਰੁਪਏ ਗ੍ਰੀਨ ਟੈਕਸ ਅਤੇ ਡੀਜ਼ਲ ਚਾਲਕਾਂ ਨੂੰ 1000 ਰੁਪਏ ਗ੍ਰੀਨ ਟੈਕਸ ਅਦਾ ਕਰਨਾ ਹੋਵੇਗਾ। ਇਸੇ ਤਰ੍ਹਾਂ 1500 ਸੀਸੀ ਤੋਂ ਘੱਟ ਵਾਲੇ ਚਾਰ ਪਹੀਆ ਵਾਹਨਾਂ ਲਈ ਪੈਟਰੋਲ ਲਈ 3000 ਰੁਪਏ ਅਤੇ ਡੀਜ਼ਲ ਵਾਹਨਾਂ ਲਈ 4000 ਰੁਪਏ ਮਹਿੰਗਾ ਪਵੇਗਾ। ਇਸੇ ਤਰ੍ਹਾਂ 1500 ਸੀਸੀ ਪੈਟਰੋਲ ਦੋਪਹੀਆ ਵਾਹਨ ‘ਤੇ 4,000 ਰੁਪਏ ਅਤੇ ਡੀਜ਼ਲ ਵਾਹਨ ‘ਤੇ 6,000 ਰੁਪਏ ਦੀ ਫੀਸ ਰੱਖੀ ਗਈ ਹੈ। ਇਸੇ ਤਰ੍ਹਾਂ ਟਰਾਂਸਪੋਰਟ ਵਾਹਨਾਂ ਲਈ ਵੀ ਨਵੇਂ ਟੈਕਸ ਤੈਅ ਕੀਤੇ ਗਏ ਹਨ। ਇਸ ਮੁਤਾਬਕ ਉਨ੍ਹਾਂ ਨੂੰ ਵਾਹਨ ਰਜਿਸਟ੍ਰੇਸ਼ਨ ਦੇ 8 ਸਾਲ ਬਾਅਦ ਹਰ ਸਾਲ ਭੁਗਤਾਨ ਕਰਨਾ ਹੋਵੇਗਾ। ਅਜਿਹੇ ਵਪਾਰਕ ਮੋਟਰ ਸਾਈਕਲ ‘ਤੇ 200 ਰੁਪਏ, ਤਿੰਨ ਪਹੀਆ ਵਾਹਨ (ਗੁਡਜ਼ ਐਂਡ ਪੈਸੰਜਰ) 300 ਰੁਪਏ, ਮੋਟਰ ਕੈਬ/ਮੈਕਸੀ ਕੈਬ 500 ਰੁਪਏ, ਲਾਈਟ ਮੋਟਰ (ਗੁਡਜ਼ ਐਂਡ ਪੈਸੰਜਰ) 1500 ਰੁਪਏ, ਮੱਧਮ ਮੋਟਰ ਵਾਹਨ (ਗੁਡਜ਼ ਐਂਡ ਪੈਸੰਜਰ) ਰੁਪਏ 2000 ਅਤੇ ਭਾਰੀ ਵਾਹਨ (ਗੁਡਜ਼ ਐਂਡ ਪੈਸੰਜਰ) ਦੀ ਕੀਮਤ 2500 ਰੁਪਏ ਸਾਲਾਨਾ ਰੱਖੀ ਗਈ ਹੈ।

## ਤਰਕਸ਼ੀਲ ਸੁਸਾਇਟੀ ਆਫ਼ ਕੈਨੇਡਾ ਵੱਲੋਂ ਡਾ.ਸੁਰਿੰਦਰ ਧੰਜਲ ਤੇ ਪ੍ਰੋ.ਰਾਜੇਸ਼ ਗੌਤਮ ਨਾਲ ਰੂ-ਬ-ਰੂ ਤੇ ਸਨਮਾਨ ਸਮਾਗ਼ਮ ਐਤਵਾਰ 25 ਅਗੱਸਤ ਨੂੰ

## ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਮੈਂਬਰ ਵੀ ਇਸ ਸਮਾਗ਼ਮ ‘ਚ ਸ਼ਾਮਲ ਹੋਣਗੇ





ਬਰੈਂਪਟਨ (ਡਾ.ਝੰਡ): ਤਰਕਸ਼ੀਲ ਸੋਸਾਇਟੀ ਆਫ਼ ਕੈਨੇਡਾ ਵੱਲੋਂ ਆਉਂਦੇ ਐਤਵਾਰ 25 ਅਗੱਸਤ ਨੂੰ ਆਪੋ-ਆਪਣੇ ਖ਼ੇਤਰ ਦੇ ਦੋ ਵਿਦਵਾਨਾਂ ਡਾ. ਸੁਰਿੰਦਰ ਧੰਜਲ ਅਤੇ ਡਾ. ਰਾਜੇਸ਼ ਕੁਮਾਰ ਗੌਤਮ ਨਾਲ ਰੂ-ਬ-ਰੂ ਆਯੋਜਿਤ ਕੀਤਾ ਜਾ ਰਿਹਾ ਹੈ ਅਤੇ ਇਸ ਦੌਰਾਨ ਦੋਹਾਂ ਵਿਦਵਾਨਾਂ ਨੂੰ ਸਨਮਾਨਿਤ ਵੀ ਕੀਤਾ ਜਾਏਗਾ। ਇਹ ਰੂ-ਬ-ਰੂ ਸਮਾਗ਼ਮ 2250 ਬੋਵੇਰਡ ਡਰਾਈਵ (ਈਸਟ) ਦੀ ਪਾਰਕਿੰਗ ਫ-1 ਵਾਲੇ ਸੈਮੀਨਾਰ ਹਾਲ ਵਿਚ ਬਾਅਦ ਦੁਪਿਹਰ 1.00 ਵਜੇ ਤੋਂ 4.00 ਵਜੇ ਤੱਕ ਹੋਵੇਗਾ। ਨੇੜਲਾ ਇੰਟਰਸੈੱਕਸ਼ਨ ਬੋਵੇਰਡਈਵ ਤੇ ਸੰਨੀਮੀਡੋ ਹੈ। ਚਾਹ-ਪਾਣੀ ਤੇ ਆਪਸੀ ਮਿਲਣ-ਗਿਲਣ ਦਾ ਸਮਾਂ 1.00 ਵਜੇ ਤੋਂ 1.30 ਵਜੇ ਤੱਕ ਰੱਖਿਆ ਗਿਆ ਹੈ ਅਤੇ ਪ੍ਰੋਗਰਾਮ ਠੀਕ 1.30 ਵਜੇ ਆਰੰਭ ਹੋ ਜਾਏਗਾ। ਅਗਾਂਹ-ਵਧੂ-ਵਿਚਾਰਾਂ ਵਾਲੇ ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਡਾ. ਸੁਰਿੰਦਰ ਧੰਜਲ ਜਿੱਥੇ ਪੇਸ਼ੇ ਵਜੋਂ ਇਲੈਕਟਰੀਕਲ ਇੰਜੀਨੀਅਰ ਤੇ ਕੰਪਿਊਟਰ ਵਿਗਿਆਨੀ ਹਨ ਅਤੇ ਕੈਨੇਡਾ ਦੀਆਂ ਕਈ ਯੂਨੀਵਰਸਿਟੀਆਂ ਵਿਚ ਕੰਪਿਊਟਿੰਗ ਦਾ ਵਿਸ਼ਾ ਲੰਮਾਂ ਸਮਾਂ ਪੜ੍ਹਾਉਂਦੇ ਰਹੇ ਹਨ, ਉੱਥੇ ਉਹ ਇਕ ਵਧੀਆ ਕਵੀ, ਚਿੰਤਕ, ਆਲੋਚਕ ਤੇ ਪੱਤਰਕਾਰ ਵੀ ਹਨ। ‘ਸੂਰਜਾਂ ਦੇ ਹਮਸਫ਼ਰ’, ‘ਜ਼ਖ਼ਮਾਂ ਦੀ ਫ਼ਸਲ’ ਤੇ ‘ਦੀਵੇ ਜਗਦੇ ਰਹਿਣਗੇ’ ਸਮੇਤ ਉਨ੍ਹਾਂ ਦੀਆਂ ਹੁਣ ਤੀਕ 10 ਪੁਸਤਕਾਂ ਛਪ ਚੁੱਕੀਆਂ ਹਨ। ਇਸ ਦੇ ਨਾਲ ਹੀ ਉਹ ‘ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ’ ਦੇ ਮੋਢੀ ਕਨਵੀਨਰ ਵੀ ਹਨ।

ਸਮਾਗ਼ਮ ਦੀ ਦੂਸਰੀ ਅਹਿਮ ਸ਼ਖ਼ਸੀਅਤ ਡਾ. ਰਾਜੇਸ਼ ਕੁਮਾਰ ਗੌਤਮ ਮੱਧ ਪ੍ਰਦੇਸ਼ ਦੀ ਹਰੀ ਸਿੰਘ ਗੌੜ ਸੈਂਟਰਲ ਯੂਨੀਵਰਸਿਟੀ, ਸਾਗਰ ਦੇ ਐਂਥਰੋਪੋਲੋਜੀ ਵਿਭਾਗ ਦੇ ਪ੍ਰੋਫ਼ੈਸਰ ਤੇ ਮੁਖੀ ਰਹਿ ਚੁੱਕੇ ਹਨ ਅਤੇ ਉਨ੍ਹਾਂ ਨੂੰ ਇਸ ਵਿਸ਼ੇ ਦੇ ਮਾਹਿਰ ਵੱਲੋਂ ਜਾਣਿਆ ਜਾਂਦਾ ਹੈ। ਉਹ ਅਮਰੀਕਾ ਦੀ ਮੌਂਟਕਲੇਅਰ ਸਟੇਟ ਯੂਨੀਵਰਸਿਟੀ, ਨਿਊ ਜਰਸੀ ਦੇ ਵਿਜ਼ਿਟਿੰਗ ਪ੍ਰੋਫ਼ੈਸਰ ਵੀ ਰਹੇ ਹਨ। 2016 ਵਿਚ ਉਨ੍ਹਾਂ ਨੂੰ ਪੋਸਟ-ਡਾਕਟਰੇਟ ਲਈ ਵੱਕਾਰੀ ‘ਰਮਨ ਫ਼ੈਲੋਸ਼ਿਪ’ ਪ੍ਰਦਾਨ ਕੀਤੀ ਗਈ ਸੀ। ਉਨ੍ਹਾਂ ਦੇ ਰਿਸਰਚ ਆਰਟੀਕਲ ‘ਨੇਚਰ’ ਵਰਗੇ ਅੰਤਰਰਾਸ਼ਟਰੀ ਪੱਧਰ ਦੇ ਅਹਿਮ ਖੋਜ-ਰਿਸਾਲਿਆਂ ਵਿਚ ਛਪਦੇ ਰਹੇ ਹਨ। ਭਾਰਤ ਵਿਚ ਉਹ ਤਰਕਸ਼ੀਲ ਲਹਿਰ ਨਾਲ ਪਿਛਲੇ ਲੰਮੇਂ ਸਮੇਂ ਤੋਂ ਜੁੜੇ ਰਹੇ ਹਨ ਅਤੇ ਸੈਮੀਨਾਰਾਂ, ਵੈਬੀਨਾਰਾਂ ਤੇ ਕਾਨਫ਼ਰੰਸਾਂ ਰਾਹੀਂ ਲੋਕਾਂ ਨੂੰ ਵਹਿਮਾਂ-ਭਰਮਾਂ ਤੋਂ ਦੂਰ ਕਰਨ ਲਈ ਜਾਗਰੂਕ ਕਰ ਰਹੇ ਹਨ। ਦੋਹਾਂ ਵਿਦਵਾਨਾਂ ਦੇ ਵਿਚਾਰ ਸੁਣਨ ਤੇ ਗੱਲਬਾਤ ਸਾਂਝੀ ਕਰਨ ਲਈ ਸਾਰਿਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ, ਇਸ ਸਬੰਧੀ ਵਧੇਰੇ ਜਾਣਕਾਰੀ ਲਈ ਕੈਨੇਡਾ ਦੀ ਤਰਕਸ਼ੀਲ ਸੋਸਾਇਟੀ ਦੇ ਨੈਸ਼ਨਲ ਪ੍ਰਧਾਨ ਬਲਦੇਵ ਸਿੰਘ ਰਹਿਪਾ (416-881-7202), ਓਨਟਾਰੀਓ ਇਕਾਈ ਦੇ ਸਕੱਤਰ ਅਮਰਦੀਪ ਸਿੰਘ (647-782-8334) ਡਾ. ਬਲਜਿੰਦਰ ਸਿੰਘ ਸੇਖੋਂ (905-781-1197), ਮਲੂਕ ਸਿੰਘ ਕਾਹਲੋਂ (905-487-1216) ਜਾਂ ਡਾ.ਸੁਖਦੇਵ ਸਿੰਘ ਝੰਡ (647-567-9128) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS




100% NATURAL PRODUCT
PRODUCT OF CANADA

ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿੱਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr. Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim
- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.



Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ



Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਈਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
- Save Money ...with one application you get access to many lenders, from major banks to private lenders, so we can find you the mortgage with the best rate and terms that fit your needs.
- Get Pre-Approved ...find out how much you qualify for and get pre-approved so you can choose your dream home with peace of mind.
- Expert Advice ...with many years of experience in the financial industry, you'll get the Right counsel.
- No Cost ...all my services are at no cost to you. OAC. Some restrictions apply.
✓ PURCHASES
✓ REFINANCES
✓ RENEWALS
✓ DEBT CONSOLIDATION
✓ SELF-EMPLOYED
✓ NEW TO CANADA
✓ HOME RENOVATIONS
✓ PRIVATE MORTGAGE
✓ INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®



CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com

Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

# ਬਰਸਾਤ ਦੇ ਮੌਸਮ 'ਚ ਕੀ ਡੇਂਗੂ ਹੋਣ ਤੇ ਸੈਲ ਘੱਟਦੇ ਹਨ ??

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਡੇਂਗੂ ਦੇਸ਼ ਦੇ ਬਹੁਤ ਸਾਰੇ ਸ਼ਹਿਰਾਂ, ਕਸਬਿਆਂ ਵਿੱਚ ਫੈਲਿਆ ਹੋਇਆ ਹੈ ਅਤੇ ਆਮ ਲੋਕਾਂ ਵਿੱਚ ਦਹਿਸ਼ਤ ਫੈਲੀ ਹੋਈ ਹੈ। ਕਿਸੇ ਨੂੰ ਕੋਈ ਬੁਖਾਰ ਹੋਇਆ ਨਹੀਂ ਕਿ ਡੇਂਗੂ ਦਾ ਡਰ ਉਸਦੇ ਮਨ ਵਿੱਚ ਬੈਠ ਜਾਂਦਾ ਹੈ ਅਤੇ ਡਰੇ ਹੋਏ ਵਿਅਕਤੀ ਤੋਂ ਡਾਕਟਰ ਕੀ ਨਹੀਂ ਕਰਵਾ ਸਕਦਾ, ਡੇਂਗੂ ਇਸਦੀ ਪ੍ਰਤੱਖ ਉਦਾਹਰਣ ਹੈ। ਧੜਾ-ਧੜ ਲੈਬੋਰਟਰੀ ਟੈਸਟ ਹੋ ਰਹੇ ਹਨ, ਲੋਕਾਂ ਦੇ "ਸੈੱਲ" ਘੱਟ ਆ ਰਹੇ ਹਨ ਅਤੇ ਜੋ ਜਾਲ ਵਿੱਚ ਫਸਿਆ (100 ਵਿੱਚੋਂ 95 ਫਸ ਹੀ ਜਾਂਦੇ ਹਨ), ਉਹਨੂੰ ਪਾਇਆ ਲੰਮਾ, ਗੁਲੂਕੋਜ਼ ਚਾੜਿਆ ਅਤੇ ਦੋ-ਚਾਰ ਹਜ਼ਾਰ ਰੁਪਏ ਮਰੀਜ਼ ਦੀ ਜੇਬ 'ਚੋਂ "ਡਾਕਟਰ" ਦੀ ਜੇਬ 'ਚ "ਟ੍ਰਾਂਸਫਰ" ਹੋ ਜਾਂਦੇ ਹਨ। ਜੋ ਜਿੱਥੇ ਬੈਠਾ ਹੈ, ਮੋਟੀ ਕਮਾਈ ਕਰ ਰਿਹਾ ਹੈ। ਅਮੀਰਾਂ, ਮੱਧ-ਵਰਗੀ ਇਲਾਕਿਆਂ ਵਿੱਚ ਪ੍ਰਾਈਵੇਟ ਹਸਪਤਾਲ, ਕਲੀਨਿਕ ਅਤੇ ਮਜ਼ਦੂਰ-ਗ਼ਰੀਬ ਇਲਾਕਿਆਂ ਤੇ ਪਿੰਡਾਂ ਵਿੱਚ ਝੋਲਾ-ਛਾਪ ਡਾਕਟਰ, ਸਭ ਦਾ "ਸੀਜਨ " ਚੱਲ ਪਿਆ ਹੈ, ਸਭ ਖੁਸ਼ ਹਨ। ਸਰਕਾਰਾਂ ਐਲਾਨ 'ਤੇ ਐਲਾਨ ਕਰ ਰਹੀਆਂ ਹਨ, ਪਰ ਆਮ ਆਦਮੀ ਪ੍ਰੇਸ਼ਾਨ ਹੈ, ਬੇਹਾਲ ਹੈ। ਮਹਿੰਗਾਈ ਨੇ ਪਹਿਲਾਂ ਹੀ ਜਿਉਣਾ ਦੁੱਭਰ ਕਰ ਰੱਖਿਆ ਹੈ, ਉੱਤੋਂ ਬਿਮਾਰੀ ਦਾ ਖਰਚਾ ਅਤੇ ਕੰਮ ਤੋਂ ਛੁੱਟੀ। ਆਖ਼ਰ ਇਹ "ਸੈੱਲ" ਘਟਣ ਦਾ ਚੱਕਰ ਕੀ ਹੈ, ਕੀ ਹਰ ਬੁਖਾਰ ਡੇਂਗੂ ਹੁੰਦਾ ਹੈ, ਅਤੇ ਇਹ ਗੁਲੂਕੋਜ਼, ਇਹ ਕਿਹੜੀ "ਸੰਜੀਵਨੀ ਬੂਟੀ" ਹੈ ਜੋ ਹਰ ਬੁਖਾਰ ਦਾ ਇਲਾਜ ਹੈ?

ਆਮ ਲੋਕਾਂ ਦੁਆਰਾ "ਸੈੱਲ" ਕਹੀ ਜਾਣ ਵਾਲੀ ਅਸਲ ਵਿੱਚ ਆਦਮੀ ਦੇ ਖ਼ੂਨ ਵਿੱਚ ਮੌਜੂਦ ਹੁੰਦੀਆਂ ਕਈ ਕਿਸਮ ਦੀਆਂ ਕੋਸ਼ਿਕਾਵਾ ਵਿੱਚੋਂ ਇੱਕ ਕੋਸਿਕਾ ਹੈ ਅਤੇ ਡਾਕਟਰੀ ਭਾਸ਼ਾ ਵਿੱਚ ਇਹਨਾਂ ਦਾ ਨਾਮ ਹੈ "ਪਲੇਟਲੈਟ"। ਜਦੋਂ ਕਦੇ ਸਾਡੇ ਸੱਟ ਜਾਂ ਚੀਰਾ ਲਗਦਾ ਹੈ ਤਾਂ ਖ਼ੂਨ ਦਾ ਵਹਾਅ ਰੋਕਣ ਲਈ ਸਭ ਤੋਂ ਪਹਿਲਾਂ ਇਹੀ "ਪਲੇਟਲੈਟ" ਸਰਗ਼ਰਮ ਹੁੰਦੇ ਹਨ ਅਤੇ ਸੱਟ ਦੀ ਜਗ੍ਹਾ ਖ਼ੂਨ ਦਾ ਥੱਕਾ ਬਣਾ ਕੇ ਖ਼ੂਨ ਦਾ ਵਗਣਾ ਰੋਕ ਦਿੰਦੇ ਹਨ। ਜੇ ਇਹਨਾਂ ਦੀ ਗਿਣਤੀ ਘੱਟ ਹੋ ਜਾਵੇ ਤਾਂ ਖ਼ੂਨ ਦਾ ਥੱਕਾ ਬਣਨ ਵਿੱਚ ਦੇਰ ਲੱਗੇਗੀ ਜਾਂ ਫਿਰ ਥੱਕਾ ਬਣੇਗਾ ਹੀ ਨਹੀਂ, ਇਸ ਲਈ ਖ਼ੂਨ ਵਹਿਣ ਨਾਲ ਆਦਮੀ ਦਾ ਬਲੱਡ-ਪ੍ਰੈਸ਼ਰ (ਖ਼ੂਨ ਦਾ ਦਬਾਅ) ਘਟ ਜਾਵੇਗਾ, ਬੇਹੋਸ਼ੀ ਆਵੇਗੀ ਅਤੇ ਕੋਈ ਇਲਾਜ ਨਾ ਮਿਲਣ ਦੀ ਹਾਲਤ ਵਿੱਚ ਆਦਮੀ ਦੀ ਮੌਤ ਵੀ ਹੋ ਸਕਦੀ ਹੈ। ਆਮ ਲੋਕਾਂ ਵਿੱਚ ਇਹਨਾਂ ਦੀ ਔਸਤ ਸੰਖਿਆ ਡੇਢ ਤੋਂ ਸਾਢੇ ਚਾਰ ਲੱਖ ਪ੍ਰਤੀ ਮਾਈਕ੍ਰੋਲਿਟਰ ਹੰਦੀ ਹੈ। ਪਰ ਅਜਿਹਾ ਨਹੀਂ ਹੈ ਕਿ ਪਲੇਟਲੈੱਟ ਡੇਢ ਲੱਖ ਤੋਂ ਘੱਟ ਹੁੰਦੇ ਹੀ ਆਦਮੀ ਦੀ ਜਾਨ ਨੂੰ ਖਤਰਾ ਹੋ ਜਾਂਦਾ ਹੈ। ਅਸਲ ਵਿੱਚ, ਜੇ ਪਲੇਟਲੈਟ ਸੈੱਲਾਂ ਵਿੱਚ ਕੋਈ ਹੋਰ ਖਰਾਬੀ ਨਹੀਂ ਹੈ ਤਾਂ ਇਹਨਾਂ ਸੈਲਾਂ ਦੀ ਗਿਣਤੀ ਪੰਜਾਹ ਹਜ਼ਾਰ ਤੋਂ ਉੱਪਰ ਹੋਣ 'ਤੇ ਕਿਸੇ ਕਿਸਮ ਦੀ ਕੋਈ ਗੜਬੜ ਨਹੀਂ ਹੁੰਦੀ ਅਤੇ ਆਦਮੀ ਨੂੰ ਕੋਈ ਖਤਰਾ ਨਹੀਂ ਹੁੰਦਾ ਤੇ ਨਾ ਹੀ ਘਬਰਾਉਣ ਦੀ ਲੋੜ ਹੁੰਦੀ ਹੈ। ਜੇ ਪਲੇਟਲੈੱਟ ਦੀ ਗਿਣਤੀ ਪੰਜਾਹ ਹਜ਼ਾਰ ਤੋਂ ਥੱਲੇ ਹੈ ਪਰ 25,000 ਤੋਂ ਉੱਪਰ ਤਾਂ ਆਮ ਤੌਰ 'ਤੇ ਅਜਿਹੇ ਲੋਕ ਕੁੱਝ ਦਿਨਾਂ ਬਾਅਦ ਠੀਕ ਹੋ ਜਾਂਦੇ ਹਨ, ਅਜਿਹੇ ਲੋਕਾਂ ਨੂੰ ਸਿਰਫ਼ ਦੇਖ-ਰੇਖ ਵਿੱਚ ਰੱਖਣ ਦੀ ਲੋੜ ਹੁੰਦੀ ਹੈ। ਜੇ, ਇਹਨਾਂ ਦੀ ਗਿਣਤੀ ਇਸ ਤੋਂ ਥੱਲੇ ਚਲੀ ਜਾਵੇ ਤਾਂ ਆਦਮੀ ਨੂੰ ਤੁਰੰਤ ਹਸਪਤਾਲ ਲਿਜਾਣਾ ਚਾਹੀਦਾ ਹੈ ਅਤੇ ਪਲੇਟਲੈਟ ਘਟਣ ਦੇ ਕਾਰਨ ਅਤੇ ਇਸ ਤੋਂ ਪੈਦਾ ਹੋਣ ਵਾਲੇ ਲੱਛਣਾਂ ਨੂੰ ਧਿਆਨ 'ਚ ਰੱਖ ਕੇ ਇਲਾਜ ਕਰਨਾ ਹੁੰਦਾ ਹੈ।

ਪਰ ਸਾਡੇ ਇੱਥੇ ਕੀ ਹੋ ਰਿਹਾ ਹੈ? ਜਿੰਨ੍ਹਾਂ ਲੋਕਾਂ ਦੇ ਪਲੇਟਲੈੱਟ ਦੀ ਗਿਣਤੀ 50,000 ਤੋਂ ਉੱਪਰ ਹੁੰਦੀ ਹੈ, ਇੱਥੋਂ ਤੱਕ ਕਿ 80-90 ਹਜ਼ਾਰ ਹੁੰਦੀ ਹੈ, ਉਹਨਾਂ ਨੂੰ "ਸੈੱਲ ਘੱਟ" ਕਹਿ ਕੇ ਡਰਾ ਦਿੱਤਾ ਜਾਂਦਾ ਹੈ ਅਤੇ ਇਸਦੇ ਇਲਾਜ਼ ਲਈ ਗੁਲੂਕੋਜ਼ ਲਾਉਣਾ ਜ਼ਰੂਰੀ ਦੱਸਿਆ ਜਾਂਦਾ ਹੈ ਜੋ ਸ਼ਰੇਆਮ ਧੋਖਾਧੜੀ ਹੈ, ਲੁੱਟ ਹੈ ਅਤੇ ਡਾਕਟਰੀ ਵਿਗਿਆਨ ਤੋਂ ਪੂਰੀ ਤਰ੍ਹਾਂ ਉਲਟ ਹੈ। ਇਸ ਖੇਡ ਵਿੱਚ ਗਲੀ-ਮੁਹੱਲੇ ਵਿੱਚ ਬੈਠੇ ਝੋਲ਼ਾ-ਛਾਪ ਅਤੇ ਦਵਾਈਆਂ ਦੀਆਂ ਦੁਕਾਨਾਂ ਚਲਾਉਣ ਵਾਲੇ ਕਈ ਕੈਮਿਸਟ ਤਾਂ ਸ਼ਾਮਲ ਹਨ ਹੀ, ਸਗੋਂ ਬਹੁਤ ਸਾਰੇ ਬਾਕਾਇਦਾ ਮੈਡੀਕਲ ਦੀ ਪੜ੍ਹਾਈ ਕਰੀ ਫਿਰਦੇ "ਡਾਕਟਰ" ਵੀ ਸ਼ਾਮਲ ਹਨ ਕਿਉਂਕਿ ਇਸ ਵਿੱਚ ਕਮਾਈ ਚੰਗੀ-ਮੋਟੀ ਹੈ ਅਤੇ ਖਤਰਾ ਵੀ ਕੋਈ ਨਹੀਂ, ਬਸ ਤੁਸੀਂ ਸਮਾਜ ਵਿੱਚ ਆਪਣੀ ਹੈਸੀਅਤ ਅਤੇ ਲੋਕਾਂ ਦੀ ਅਗਿਆਨਤਾ ਦਾ ਫਾਇਦਾ ਲੈ ਕੇ ਮਰੀਜ਼ ਨੂੰ ਥੋੜਾ ਡਰਾਉਣਾ ਹੈ, ਤੇ ਤੁਹਾਡੀ ਜੇਬ ਨੋਟਾਂ ਨਾਲ ਭਰਦੀ ਚਲੀ ਜਾਵੇਗੀ। ਹੋਰ ਤਾਂ ਹੋਰ, ਸਾਰੇ ਰੋਗੀ ਜਿੰਨ੍ਹਾਂ ਦੇ ਸੈੱਲ ਘੱਟ ਹੋਣ ਦੀ ਰਿਪੋਰਟ ਆਉਂਦੀ ਹੈ, ਨੂੰ ਡੇਂਗੂ ਦਾ ਨਾਮ ਲੈ ਕੇ ਡਰਾ ਦਿੱਤਾ ਜਾਂਦਾ ਹੈ। ਜਿੱਥੇ ਰੋਗੀ ਉਸਦੀ ਬਿਮਾਰੀ ਬਾਰੇ ਸਹੀ ਜਾਣਕਾਰੀ ਅਤੇ ਡਾਕਟਰ ਦੀ ਹਮਦਰਦੀ ਦੀ ਲੋੜ ਹੁੰਦੀ ਹੈ, ਉੱਥੇ ਹੀ ਉਸ ਨਾਲ ਧੋਖਾਧੜੀ ਕੀਤੀ ਜਾਂਦੀ ਹੈ।



### "ਸੈੱਲ" ਕਦੋਂ ਘੱਟ ਹੁੰਦੇ ਹਨ?

ਸੈੱਲ ਭਾਵ ਪਲੇਟਲੈੱਟ ਨਾ ਸਿਰਫ ਡੇਂਗੂ ਵਿੱਚ, ਸਗੋਂ ਹੋਰ ਬਹੁਤ ਸਾਰੇ ਬੁਖਾਰਾਂ ਵਿੱਚ ਵੀ ਘੱਟ ਹੋ ਜਾਂਦੇ ਹਨ ਜਿੰਨ੍ਹਾਂ ਵਿੱਚ ਚਿਕਨਗੁਨੀਆਂ ਬੁਖਾਰ, ਖਸਰਾ, ਚਿਕਨਪਾਕਸ, ਟਾਈਫਾਇਡ ਅਤੇ ਹੋਰ ਕਈ ਕਿਸਮ ਦੇ ਵਾਇਰਲ ਬੁਖਾਰ ਸ਼ਾਮਲ ਹਨ। ਇੱਥੋਂ ਤੱਕ ਕਿ ਬਹੁਤ ਸਾਰੇ ਮਾਮਲਿਆਂ ਵਿੱਚ ਤਾਂ ਇੱਕ ਆਮ ਜ਼ੁਕਾਮ ਵੀ "ਸੈੱਲ" ਘੱਟ ਕਰ ਸਕਦਾ ਹੈ। ਬਹੁਤ ਸਾਰੀਆਂ ਹੋਰ ਬਿਮਾਰੀਆਂ ਅਤੇ ਦਵਾਈਆਂ ਵੀ ਇਹੋ ਜਿਹੀਆਂ ਹੁੰਦੀਆਂ ਹਨ ਜੋ ਪਲੇਟਲੈੱਟ ਘੱਟ ਕਰ ਦਿੰਦੀਆਂ ਹਨ ਪਰ ਇੱਥੇ ਇਹਨਾਂ ਦਾ ਜ਼ਿਕਰ ਲੋੜੀਂਦਾ ਨਹੀਂ ਹੈ ਕਿਉਂਕਿ ਸਾਡੀ ਚਰਚਾ ਦਾ ਵਿਸ਼ਾ ਡੇਂਗੂ ਤੇ ਹੋਰ ਬੁਖਾਰਾਂ ਤੱਕ ਹੀ ਸੀਮਤ ਹੈ। ਇਸ ਲਈ "ਸੈੱਲ" ਘੱਟ ਹੋਣ ਦਾ ਮਤਲਬ ਡੇਂਗੂ ਬਿਲਕੁਲ ਵੀ ਨਹੀਂ ਹੈ, ਹੋਰ ਤਾਂ ਹੋਰ, ਸੈੱਲ ਘੱਟ ਹੋਣ ਦੇ ਬਹੁਤ ਘੱਟ ਮਾਮਲਿਆਂ ਵਿੱਚ ਹੀ ਰੋਗੀ ਨੂੰ ਡੇਂਗੂ ਹੁੰਦਾ ਹੈ। ਬੁਖਾਰ ਦੇ ਹਰ ਰੋਗੀ ਦਾ ਤਾਂ ਟੈਸਟ ਕਰਵਾਉਣਾ ਵੀ ਜ਼ਰੂਰੀ ਨਹੀਂ ਹੁੰਦਾ, ਇੱਕ ਪੜ੍ਹਿਆ-ਲਿਖਿਆ ਡਾਕਟਰ (ਬਸ਼ਰਤੇ ਉਹ ਆਪਣੀ ਪੜਾਈ ਦੀ ਵਰਤੋਂ ਕਰ ਰਿਹਾ ਹੋਵੇ ਅਤੇ ਉਸਦੀ ਨਿਗ੍ਹਾ ਰੋਗੀ 'ਤੇ ਹੋਵੇ, ਨਾ ਕਿ ਉਸਦੀ ਜੇਬ 'ਤੇ) ਸੌਖ ਨਾਲ ਜਾਣ ਲੈਂਦਾ ਹੈ ਕਿ ਕਿਹੜੇ-ਕਿਹੜੇ ਰੋਗੀ ਨੂੰ ਟੈਸਟ ਦੀ ਜ਼ਰੂਰਤ ਹੈ, ਕਦੋਂ ਜ਼ਰੂਰਤ ਹੈ ਅਤੇ ਕਿੰਨੀ ਵਾਰ ਟੈਸਟ ਕਰਵਾਉਣ ਦੀ ਜ਼ਰੂਰਤ ਹੈ। ਅਸਲ ਵਿੱਚ, ਡੇਂਗੂ ਦੇ ਸੀਜ਼ਨ ਵਿੱਚ ਟੈਸਟ ਕਰਵਾਉਣ ਪਿੱਛੇ ਮੈਡੀਕਲ ਲੋੜ ਘੱਟ, ਰੋਗੀ ਨੂੰ ਡਰਾਉਣ ਅਤੇ ਨੋਟ ਕਮਾਉਣ ਦੀ ਲੋੜ ਜ਼ਿਆਦਾ ਹੁੰਦੀ ਹੈ। ਵੈਸੇ ਵੀ, ਡਾਕਟਰਾਂ ਦਾ ਲੈਬੋਰਟਰੀ ਨਾਲ ਅੱਧੋ-ਅੱਧ ਹਿੱਸਾ ਹੁੰਦਾ ਹੈ, ਭਾਵ ਜੇ ਟੈਸਟ ਦੀ ਕੀਮਤ 160 ਰੁਪਏ ਹੈ ਤਾਂ 80 ਲੈਬੋਰਟਰੀ ਦੇ ਅਤੇ 80 ਭੇਜਣ ਵਾਲੇ "ਡਾਕਟਰ" ਦੇ, ਤਾਂ ਫਿਰ ਕਿਉਂ ਨਾ ਹਰ ਰੋਗੀ ਦਾ ਟੈਸਟ ਕਰਵਾ ਹੀ ਲਿਆ ਜਾਵੇ! ਅਜਿਹਾ ਹੀ ਇੱਕ ਹੋਰ ਆਮ ਦੇਖਣ ਵਿੱਚ ਆਉਂਦਾ ਮਾਮਲਾ ਟਾਈਫਾਇਡ ਦੇ ਇੱਕ ਟੈਸਟ, ਜਿਸਦਾ ਨਾਮ "ਵਿਡਾਲ ਟੈਸਟ"(ਾਦਿਉਲ ਟਏਸਟ) ਹੈ, ਦਾ ਵੀ ਹੈ ਜਿਸਦੀ ਰਿਪੋਰਟ ਅਕਸਰ ਪਾਜ਼ੀਟਿਵ ਆ ਜਾਂਦੀ ਹੈ, ਅਤੇ ਇੱਕ ਵਾਰ ਟਾਈਫਾਇਡ ਹੋਣ 'ਤੇ ਲੰਮੇ ਸਮੇਂ ਤੱਕ, ਇੱਥੋਂ ਤੱਕ ਕਿ ਇੱਕ ਸਾਲ ਤੱਕ ਵੀ, ਪਾਜ਼ੀਟਿਵ ਬਣੀ ਰਹਿੰਦੀ ਹੈ। ਇੰਨਾ ਹੀ ਨਹੀਂ, ਭਾਰਤ ਵਿੱਚ ਬਹੁਤ ਸਾਰੇ ਲੋਕਾਂ ਵਿੱਚ ਇਹ ਟੈਸਟ ਹੋਰਨਾਂ ਬੁਖਾਰਾਂ 'ਚ ਐਵੇਂ ਹੀ ਪਾਜ਼ਟਿਵ ਆ ਜਾਂਦਾ ਹੈ। ਇਹ ਟੈਸਟ ਵਿਦੇਸ਼ਾਂ ਵਿੱਚ ਤਾਂ ਕੀਤਾ ਹੀ ਨਹੀਂ ਜਾਂਦਾ, ਅਤੇ ਭਾਰਤ ਵਿੱਚ ਵੀ ਜਦੋਂ ਇਸਦੀ ਵਰਤੋਂ ਹੁੰਦੀ ਹੈ ਤਾਂ ਇਸ ਟੈਸਟ ਨੂੰ ਕਿਵੇਂ ਦੇਖਣਾ ਹੈ, ਇਹ ਸਿਰਫ ਡਾਕਟਰੀ ਦੀ ਪੜ੍ਹਾਈ ਅਤੇ ਟ੍ਰੇਨਿੰਗ ਹਾਸਲ ਕਰ ਚੁੱਕੇ ਡਾਕਟਰ ਹੀ ਜਾਣਦੇ ਹਨ। ਇਹ ਟੈਸਟ ਪਾਜ਼ੀਟਿਵ ਆਉਣ 'ਤੇ ਝੋਲ਼ਾ-ਛਾਪ ਡਾਕਟਰ ਅਤੇ ਬਥੇਰੇ ਪੜ੍ਹੇ-ਲਿਖੇ ਡਾਕਟਰ ਵੀ ਮਹਿੰਗੇ ਅਤੇ ਗੈਰ-ਜ਼ਰੂਰੀ ਟੀਕੇ ਲਗਾਉਣੇ ਸ਼ੁਰੂ ਕਰ ਦਿੰਦੇ ਹਨ, ਨਾਲ ਹੀ ਗੁਲੂਕੋਜ਼ ਦੀਆਂ ਬੋਤਲਾਂ ਚੜਾਉਣੀਆਂ ਸ਼ੁਰੂ ਕਰ ਦਿੰਦੇ ਹਨ। ਇਸ ਲਈ ਇਸ ਲੁੱਟ ਅਤੇ ਧੋਖਾਧੜੀ ਤੋਂ ਵੀ ਸਾਵਧਾਨ!!!

### ਡੇਂਗੂ ਦੇ ਲੱਛਣ ਕੀ ਹਨ?

ਪਹਿਲੀ ਗੱਲ ਤਾਂ ਇਹ ਕਿ ਅਗਸਤ-ਨਵੰਬਰ ਦੌਰਾਨ ਹੋਣ ਵਾਲੇ ਸਾਰੇ ਬੁਖਾਰ ਡੇਂਗੂ ਨਹੀਂ ਹੁੰਦੇ, ਇਹਨਾਂ 'ਚੋਂ ਬਹੁਤ ਥੋੜੇ ਹੀ ਡੇਂਗੂ ਦੇ ਮਸਲੇ ਹੁੰਦੇ ਹਨ। ਬਾਕੀ ਬੁਖਾਰ ਅਤੇ ਕਈ ਕਿਸਮ ਦੇ ਵਾਇਰਲ ਬੁਖਾਰ ਹੁੰਦੇ ਹਨ ਅਤੇ ਮਜ਼ਦੂਰ-ਗਰੀਬ ਇਲਾਕਿਆਂ ਵਿੱਚ ਟਾਈਫਾਇਡ ਅਤੇ ਮਲੇਰੀਆ ਵੀ ਬੁਖਾਰ ਦਾ ਕਾਰਨ ਹੋ ਸਕਦੇ ਹਨ। ਡੇਂਗੂ ਬੁਖਾਰ ਇੱਕ ਕਿਸਮ ਦੇ ਮੱਛਰ ਦੇ ਡੰਗਣ ਨਾਲ ਹੁੰਦਾ ਹੈ ਜੋ ਦਿਨ ਸਮੇਂ ਲੜਦਾ ਹੈ ਅਤੇ ਸਾਫ਼ ਰੁਕੇ ਹੋਏ ਪਾਣੀ 'ਤੇ ਪਲਦਾ ਹੈ। ਇਸਦੇ ਲੱਛਣ ਹੁੰਦੇ ਹਨ — ਸਿਰ ਦਰਦ ਅਤੇ ਖਾਸ ਤੌਰ 'ਤੇ ਅੱਖਾਂ ਪਿੱਛੇ ਹੋਣ ਵਾਲਾ ਸਿਰ ਦਰਦ, ਤੇਜ਼ ਬੁਖਾਰ, ਕਈ ਵਾਰ ਅੱਖਾਂ ਲਾਲ ਹੋਣਾ, ਸਰੀਰ ਦਰਦ ਬਹੁਤ ਜ਼ਿਆਦਾ ਹੋਣਾ ਖਾਸ ਤੌਰ 'ਤੇ ਪਿੱਠ ਵਿੱਚ ਜਿਸਨੂੰ "ਹੱਡੀਆਂ ਤੋੜਨ ਵਾਲਾ" ਦਰਦ ਕਿਹਾ ਜਾਂਦਾ ਹੈ। ਬੁਖਾਰ ਦੇ ਸੱਤਵੇਂ ਦਿਨ ਚਮੜੀ 'ਤੇ ਇੱਕ ਖਾਸ ਕਿਸਮ ਦੇ ਛੋਟੇ-ਛੋਟੇ ਲਾਲ ਧੱਬੇ ਬਣਨਾ ਜੋ ਪੇਟ ਤੋਂ ਸ਼ੁਰੂ ਹੁੰਦੇ ਹਨ ਅਤੇ ਲੱਤਾਂ, ਬਾਹਾਂ ਅਤੇ ਚਿਹਰੇ 'ਤੇ ਫੈਲ ਜਾਂਦੇ ਹਨ। ਜਿੱਥੇ ਵੀ ਡੇਂਗੂ ਹੋਣ ਦਾ ਸ਼ੱਕ ਹੁੰਦਾ ਹੈ, ਉਸ ਰੋਗੀ ਦਾ ਡੇਂਗੂ ਟੈਸਟ ਕਰਵਾਉਣਾ ਪੈਂਦਾ ਹੈ ਤਾਂ ਕਿ ਇਹ ਤੈਅ ਹੋ ਸਕੇ ਕਿ ਰੋਗੀ ਨੂੰ ਡੇਂਗੂ ਹੈ ਜਾਂ ਨਹੀਂ। ਪਰ ਇੱਥੇ ਉਲਟਾ ਹੁੰਦਾ ਹੈ, ਅਕਸਰ ਡੇਂਗੂ ਟੈਸਟ ਕਰਵਾਇਆ ਨਹੀਂ ਜਾਂਦਾ, ਸਿਰਫ ਪਲੇਟਲੈਟਸ ਟੈਸਟ ਕਰਵਾ ਕੇ ਡੇਂਗੂ ਹੋਣ ਦਾ ਐਲਾਨ ਕਰ ਦਿੱਤਾ ਜਾਂਦਾ ਹੈ। ਦੂਜਾ, ਡੇਂਗੂ ਬੁਖਾਰ ਦਾ ਖਤਰਾ ਸੈੱਲ ਘੱਟ ਹੋਣਾ ਨਹੀਂ ਹੁੰਦਾ, ਸਗੋਂ ਇਸਦਾ ਖਤਰਾ ਇਹ ਹੈ ਕਿ ਡੇਂਗੂ ਦੇ ਕੁੱਝ ਮਾਮਲੇ ਡੇਂਗੂ ਹੈਮੋਰੇਜਿਕ ਫੀਵਰ ਅਤੇ ਡੇਂਗੂ ਸ਼ਾਕ ਸਿੰਡ੍ਰਾਮ ਤੱਕ ਚਲੇ ਜਾਂਦੇ ਹਨ। ਅਜਿਹੇ ਰੋਗੀਆਂ ਵਿੱਚ ਚਮੜੀ ਦੇ ਹੇਠਾਂ, ਅੰਤੜੀਆਂ ਵਿੱਚ ਜਾਂ ਸਰੀਰ ਦੇ ਕਿਸੇ ਹੋਰ ਹਿੱਸੇ ਵਿੱਚ ਖ਼ੂਨ ਰਿਸਣਾ ਸ਼ੁਰੂ ਹੋ ਜਾਂਦਾ ਹੈ। ਅਜਿਹੇ ਰੋਗੀਆਂ ਨੂੰ ਡਾਕਟਰ ਆਪਣੇ ਕਲੀਨਿਕ ਵਿੱਚ ਹੀ "ਟਾਰਨੀਕਿਉਏਟ ਟੈਸਟ" ਜਾਂ ਫਿਰ ਚਮੜੀ 'ਤੇ ਪਏ ਲਾਲ ਧੱਬਿਆਂ ਤੋਂ ਦੀ ਕੁੱਝ ਹੱਦ ਤੱਕ ਪਹਿਚਾਣ ਸਕਦਾ ਹੈ। ਜ਼ਿਆਦਾ ਗੰਭੀਰ ਮਾਮਲਿਆਂ ਵਿੱਚ, ਖ਼ੂਨ ਦਾ ਦਬਾਅ (ਬਲੱਡਪ੍ਰੈਸ਼ਰ) ਘਟਣਾ, ਨਬਜ਼ ਤੇਜ਼ ਚੱਲਣਾ, ਫੇਫੜਿਆਂ ਅਤੇ ਪੇਟ ਵਿੱਚ ਪਾਣੀ ਭਰਨਾ, ਜਿਗਰ ਦਾ ਵੱਡਾ ਹੋ ਜਾਣਾ, ਚਮੜੀ ਦੇ ਥੱਲੇ ਖ਼ੂਨ ਰਿਸਣ ਨਾਲ ਵੱਡੇ-ਵੱਡੇ ਧੱਬੇ ਬਣਨਾ, ਅੰਤੜੀਆਂ ਵਿੱਚੋਂ ਖ਼ੂਨ ਦਾ ਵਹਿਣਾ ਸ਼ਾਮਲ ਹਨ। ਅਜਿਹੇ ਮਰੀਜ਼ਾਂ ਨੂੰ ਹੀ ਗੁਲੂਕੋਜ਼ ਦੀ ਜ਼ਰੂਰਤ ਹੁੰਦੀ ਹੈ ਅਤੇ ਨਾਲ ਹੀ ਆਕਸੀਜਨ ਤੇ ਹੋਰ ਡਾਕਟਰੀ ਸਾਂਭ-ਸੰਭਾਲ ਦੀ ਵੀ ਜ਼ਰੂਰਤ ਹੁੰਦੀ ਹੈ ਜੋ ਚੰਗੇ-ਵੱਡੇ ਹਸਪਤਾਲ ਵਿੱਚ ਹੀ ਸੰਭਵ ਹੁੰਦੀ ਹੈ। ਇਹ ਵੀ ਇੱਕ ਤੱਥ ਹੈ ਕਿ ਡੇਂਗੂ ਹੈਮੋਰੇਜਿਕ ਫੀਵਰ ਅਤੇ ਡੇਂਗੂ ਸ਼ਾਕ ਸਿੰਡ੍ਰਾਮ ਦੇ ਰੋਗੀਆਂ ਦੀ ਪਛਾਣ, ਇਲਾਜ ਅਤੇ ਨਿਗਰਾਨੀ ਲਈ ਪਲੇਟਲੈਟ ਗਿਣਤੀ ਸਿਰਫ ਇੱਕੋ-ਇੱਕ ਪੈਮਾਨਾ ਨਹੀਂ ਹੈ ਅਤੇ ਨਾ ਹੀ ਸਭ ਤੋਂ ਕਾਰਗਰ ਪੈਮਾਨਾ ਹੈ, ਇਸ ਤੋਂ ਬਿਨਾਂ ਹੋਰ ਵੀ ਕਈ ਪੈਮਾਨੇ ਹਨ ਜੋ ਪਲੇਟਲੈਟ ਦੀ ਗਿਣਤੀ ਦੇ ਪੈਮਾਨੇ ਤੋਂ ਬਿਹਤਰ ਮੰਨੇ ਜਾਂਦੇ ਹਨ।

### ਅਜਿਹੇ ਬੁਖਾਰਾਂ ਦਾ ਇਲਾਜ਼ ਕਿਵੇਂ ਹੋਵੇ?

ਜਿਸ ਮਰੀਜ਼ ਵਿੱਚ ਡੇਂਗੂ ਦੇ ਲੱਛਣ ਨਹੀਂ ਹਨ ਅਤੇ ਹਲਕਾ ਜਾਂ ਥੋੜਾ ਜ਼ਿਆਦਾ ਸਿਰ ਦਰਦ, ਸਰੀਰ ਦਰਦ, ਬੁਖਾਰ ਅਤੇ ਜ਼ੁਕਾਮ ਹੋਵੇ ਅਤੇ ਜਾਂ ਫਿਰ ਡੇਂਗੂ ਹੈਮੋਰੇਜਿਕ ਫੀਵਰ ਅਤੇ ਡੇਂਗੂ ਸ਼ਾਕ ਸਿੰਡ੍ਰਾਮ ਤੋਂ ਬਿਨਾਂ ਡੇਂਗੂ ਹੋਵੇ ਤਾਂ ਆਮ ਤੌਰ 'ਤੇ ਸਿਰਫ ਕਰੋਸਿਨ ਦੀ ਗੋਲੀ ਨਾਲ ਹੀ ਕੰਮ ਚੱਲ ਜਾਂਦਾ ਹੈ। ਨਾਲ ਹੀ ਕੁੱਝ ਦਿਨਾਂ ਤੱਕ ਅਰਾਮ, ਚੰਗਾ ਭੋਜਨ ਅਤੇ ਕਾਫੀ ਮਾਤਰਾ ਵਿੱਚ ਨਿੰਬੂ ਪਾਣੀ ਕਾਫੀ ਹੁੰਦੀ ਹੈ। ਸੈੱਲਾਂ ਦੀ ਸੰਖਿਆਂ 50,000 ਤੋਂ ਉੱਪਰ ਹੋਵੇ ਤਾਂ, ਇੰਨੇ ਇਲਾਜ ਨਾਲ ਰੋਗੀ ਠੀਕ ਹੋ ਜਾਂਦਾ ਹੈ। ਸੈੱਲ ਘੱਟ ਹੋਣ 'ਤੇ ਸਿਰ ਦਰਦ ਅਤੇ ਸਰੀਰ ਦਰਦ ਲਈ ਆਮ ਵਰਤੋਂ ਵਿੱਚ ਆਉਂਦੀਆਂ ਦਰਦ ਨਿਵਾਰਕ ਜਿਵੇਂ ਡਿਸਪਰਿਨ, ਵੋਵਰਨ, ਬਰੂਫ਼ੇਨ ਆਦਿ ਦਵਾਈਆਂ ਨਹੀਂ ਲੈਣੀਆਂ ਚਾਹੀਦੀਆਂ ਕਿਉਂਕਿ ਇਹ ਨੁਕਸਾਨ ਕਰ ਸਕਦੀਆਂ ਹਨ।

### ਗੁਲੂਕੋਜ਼ ਕਦੋਂ ਲਗਾਇਆ ਜਾਂਦਾ ਹੈ?

ਡੇਂਗੂ ਬੁਖਾਰ ਵਿੱਚ ਗੁਲੂਕੋਜ਼ ਕਦੋਂ ਲਾਇਆ ਜਾਂਦਾ ਹੈ, ਇਸਦੀ ਗੱਲ ਤਾਂ ਉੱਪਰ ਆ ਹੀ ਚੁੱਕੀ ਹੈ। , ਕੈਮਿਸਟਾਂ ਅਤੇ ਛੋਟੇ ਕਲੀਨਿਕਾਂ ਵਿੱਚ ਗੁਲੂਕੋਜ਼ ਲਗਾਉਣਾ ਦੋ ਤਰੀਕੇ ਨਾਲ਼ ਗਲਤ ਹੈ। ਪਹਿਲੀ ਗੱਲ ਤਾਂ ਇਹ ਕਿ ਇਹ ਲੋਕ ਗੁਲੂਕੋਜ਼ ਉਦੋਂ ਲਾਉਂਦੇ ਹਨ ਜਦੋਂ ਰੋਗੀ ਨੂੰ ਇਸਦੀ ਕੋਈ ਜ਼ਰੂਰਤ ਨਹੀਂ ਹੁੰਦੀ, ਅਤੇ ਦੂਜੀ ਗੱਲ ਇਹ ਕਿ, ਜਦੋਂ ਰੋਗੀ ਨੂੰ ਗੁਲੂਕੋਜ਼ ਲਾਉਣ ਦੀ ਲੋੜ ਪਵੇਗੀ ਤਾਂ ਅਜਿਹੀਆਂ ਥਾਵਾਂ 'ਤੇ ਅਜਿਹੇ ਗੰਭੀਰ ਮਰੀਜ਼ਾਂ ਦਾ ਇਲਾਜ ਸੰਭਵ ਨਹੀਂ ਹੈ ਕਿਉਂਕਿ ਮਰੀਜ਼ ਨੂੰ ਗੁਲੂਕੋਜ਼ ਤੋਂ ਬਿਨਾਂ ਹੋਰ ਵੀ ਬਹੁਤ ਸਾਰੀ ਡਾਕਟਰੀ ਸੰਭਾਲ ਅਤੇ ਦੇਖ-ਰੇਖ ਦੀ ਲੋੜ ਹੁੰਦੀ ਹੈ ਜੋ ਇਹ ਲੋਕ ਰੋਗੀ ਨੂੰ ਨਹੀਂ ਦੇ ਸਕਦੇ। ਇਸ ਤਰ੍ਹਾਂ ਇਹਨਾਂ ਲੋਕਾਂ ਦੁਆਰਾ ਡੇਂਗੂ ਦੇ ਨਾਮ 'ਤੇ ਗੁਲੂਕੋਜ਼ ਲਗਾਉਣਾ ਪੂਰੀ ਤਰਾਂ ਲੁੱਟ ਦਾ ਧੰਦਾ ਹੈ। ਇਹ ਵੀ ਅਕਸਰ ਦੇਖਣ ਨੂੰ ਮਿਲਦਾ ਹੈ ਕਿ ਕਿਸੇ ਵੀ ਬੁਖਾਰ, ਦਸਤ, ਪੇਚਿਸ ਵਿੱਚ ਵੀ ਬਿਨਾਂ ਕਿਸੇ ਮੈਡੀਕਲ ਲੋੜ ਤੋਂ ਗੁਲੂਕੋਜ਼ ਲਾਉਣਾ ਆਮ ਗੱਲ ਹੈ, ਇਹ ਵੀ ਲੁੱਟ ਅਤੇ ਧੋਖਾਧੜੀ ਹੈ। ਗੁਲੂਕੋਜ਼ ਆਮ ਤੌਰ 'ਤੇ ਸਿਰਫ ਉਦੋਂ ਲਾਇਆ ਜਾਂਦਾ ਹੈ ਜਦੋਂ ਆਦਮੀ ਦਾ ਖ਼ੂਨ ਦਾ ਦਬਾਅ (ਬਲੱਡਪ੍ਰੈਸ਼ਰ) ਇੰਨਾ ਘੱਟ ਹੋਵੇ ਕਿ ਓ. ਆਰ. ਐੱਸ ਘੋਲ ਜਾਂ ਫਿਰ ਘਰ 'ਚ ਬਣਾਏ ਜਾ ਸਕਣ ਵਾਲੇ ਚੀਨੀ-ਨਮਕ ਦੇ ਘੋਲ ਨਾਲ ਨਾ ਵਧ ਸਕਦਾ ਹੋਵੇ, ਰੋਗੀ ਬੇਹੋਸ਼ ਹੋਵੇ, ਰੋਗੀ ਬਹੁਤ ਜ਼ਿਆਦਾ ਉਲਟੀਆਂ ਕਰ ਰਿਹਾ ਹੋਵੇ ਜਿਸ ਕਾਰਨ ਉਸ ਨੂੰ ਮੂੰਹ ਰਾਹੀਂ ਕੁੱਝ ਖਾਣ-ਪੀਣ ਵਿੱਚ ਦਿੱਕਤ ਆ ਰਹੀ ਹੋਵੇ। ਹੋਰ ਤਾਂ ਹੋਰ, ਗਲੀ-ਮੁਹੱਲੇ ਵਿੱਚ ਬੈਠੇ ਕਈ "ਡਾਕਟਰ" ਸਰੀਰ 'ਚ "ਤਾਕਤ ਪਾਉਣ" ਲਈ ਹੀ ਗੁਲੂਕੋਜ਼ ਲਾ ਦਿੰਦੇ ਹਨ ਜੋ ਸਰਾਸਰ ਗਲਤ ਹੈ। ਅਸਲ ਵਿੱਚ ਗੁਲੂਕੋਜ਼ ਬਾਰੇ ਲੋਕਾਂ ਨੂੰ ਜਾਣਕਾਰੀ ਹੀ ਨਹੀਂ ਹੈ ਕਿ ਇਹ ਹੈ ਕੀ? ਗੁਲੂਕੋਜ਼ ਹੋਰ ਕੁੱਝ ਨਹੀਂ, ਸਿਰਫ ਨਮਕ-ਚੀਨੀ ਦੀ ਖਾਸ ਮਾਤਰਾ (ਕਈ ਵਾਰ ਤਾਂ ਸਿਰਫ ਚੀਨੀ ਹੀ) ਦਾ ਪਾਣੀ ਦੀ ਖਾਸ ਮਾਤਰਾ ਵਿੱਚ ਬਣਾਇਆ ਘੋਲ ਹੈ ਜੋ ਬੋਤਲ ਵਿੱਚ ਪੈਕ ਹੁੰਦਾ ਹੈ। ਇਸ ਤੋਂ ਬਿਨਾਂ, ਗੁਲੂਕੋਜ਼ ਦੀ ਇੱਕ ਕਿਸਮ ਵਿੱਚ ਨਿੰਬੂ ਵਿੱਚ ਮਿਲ਼ਣ ਵਾਲਿ ਪੋਟਾਸ਼ੀਅਮ ਹੁੰਦਾ ਹੈ। ਬਸ ਇਹੀ ਹੈ ਗੁਲੂਕੋਜ਼ ਦਾ ਭੇਤ ਜਿਸਨੂੰ ਡਾਕਟਰ ਵੀ ਸਰੀਰ ਵਿੱਚ ਤਾਕਤ ਭਰਨ ਵਾਲ਼ੀ ਦਵਾਈ ਬਣਾ ਕੇ ਪੇਸ਼ ਕਰਦੇ ਹਨ ਅਤੇ ਲੋਕਾਂ ਤੋਂ ਮੋਟੀ ਕਮਾਈ ਵਸੂਲਦੇ ਹਨ। ਲੋੜ ਪੈਣ 'ਤੇ, ਇਹੀ ਘੋਲ ਸਿੱਧਾ ਵੀ ਪੀਤਾ ਜਾ ਸਕਦਾ ਹੈ, ਅਤੇ ਮੂੰਹ ਰਾਹੀਂ ਪੀਣ ਨਾਲ਼ ਇਸਦਾ ਫਾਇਦਾ ਵੀ ਜ਼ਿਆਦਾ ਹੁੰਦਾ ਹੈ।

### ਸਰਕਾਰਾਂ ਕੀ ਕਰ ਰਹੀਆਂ ਹਨ?

ਠੀਕ-ਠੀਕ ਕਿਹਾ ਜਾਵੇ ਤਾਂ ਸਰਕਾਰਾਂ ਡੇਂਗੂ ਦੀ ਬਿਮਾਰੀ ਅਤੇ ਨਾਲ਼ ਹੀ ਇਸਦਾ ਡਰ ਵੀ, ਫੈਲਾਉਣ ਵਿੱਚ ਅਤੇ "ਡਾਕਟਰਾਂ" ਦੀ "ਕਮਾਈ" ਵਧਾਉਣ ਵਿੱਚ ਉਹਨਾਂ ਦੀ ਖ਼ੂਬ ਮਦਦ ਕਰਦੀ ਹੈ ਕਿਉਂਕਿ ਸਰਕਾਰ ਦਾ ਕੰਮ ਹੈ ਕਿ ਉਹ ਲੋਕਾਂ ਨੂੰ ਬਿਮਾਰੀ ਬਾਰੇ ਸਹੀ ਜਾਣਕਾਰੀ ਦੇਵੇ ਅਤੇ ਬਿਮਾਰ ਹੋਣੋਂ ਰੋਕਣ ਲਈ ਪ੍ਰਬੰਧ ਕਰੇ, ਸਰਕਾਰਾਂ ਇਹਨਾਂ ਵਿੱਚੋਂ ਕੋਈ ਵੀ ਕੰਮ ਨਹੀਂ ਕਰਦੀਆਂ। ਇਸਦਾ ਮਤਲਬ ਹੈ ਕਿ ਬਿਮਾਰੀਆਂ ਫੈਲਾਉਣ ਅਤੇ ਲੋਕਾਂ ਦੀ ਬਦਹਾਲੀ ਅਤੇ ਲੁੱਟ ਵਿੱਚ ਸਰਕਾਰ ਪੂਰੀ ਤਰ੍ਹਾਂ ਸ਼ਾਮਲ ਹੈ। ਜਾਣਕਾਰੀ ਦੇ ਨਾਮ 'ਤੇ ਕੁੱਝ ਪਰਚੇ ਇੱਧਰ-ਉੱਧਰ ਦੋ-ਚਾਰ ਥਾਵਾਂ 'ਤੇ ਚਿਪਕਾ ਦਿੱਤੇ ਜਾਂਦੇ ਹਨ ਜੋ ਇੱਕ ਤਾਂ ਵੈਸੇ ਹੀ ਬਹੁਤ ਛੋਟੇ ਹੁੰਦੇ ਹਨ ਅਤੇ ਉੱਤੋਂ ਅੱਖਰਾਂ ਦਾ ਅਕਾਰ ਇੰਨਾਂ ਛੋਟਾ ਹੁੰਦਾ ਹੈ ਕਿ ਬਹੁਤ ਨੇੜਿਓਂ ਹੀ ਪਤਾ ਲਗਦਾ ਹੈ ਕਿ ਉਏ, ਇਹ ਤਾਂ ਡੇਂਗੂ ਬਾਰੇ "ਸਰਕਾਰੀ" ਜਾਣਕਾਰੀ ਹੈ!! ਮੱਛਰ ਮਾਰਨ ਲਈ ਦਵਾਈ ਦਾ ਛਿੜਕਾਅ ਕਰਨਾ ਤਾਂ ਸਰਕਾਰ ਭੁੱਲ ਹੀ ਚੁੱਕੀ ਹੈ, ਖਾਸ ਤੌਰ 'ਤੇ ਗ਼ਰੀਬਾਂ ਅਤੇ ਮਜ਼ਦੂਰਾਂ ਦੇ ਇਲਾਕਿਆਂ ਵਿੱਚ। ਝੋਲਾ ਛਾਪ ਡਾਕਟਰਾਂ ਅਤੇ ਕੈਮਿਸਟਾਂ ਵੱਲੋਂ (ਅਤੇ "ਪੜ੍ਹੇ-ਲਿਖੇ ਡਾਕਟਰਾਂ" ਦੀ ਵੀ) ਕੀਤੀ ਜਾਂਦੀ ਲੁੱਟ ਨੂੰ ਸਿਹਤ ਵਿਭਾਗ ਕਿਵੇਂ ਰੋਕ ਸਕਦਾ ਹੈ ਕਿਉਂਕਿ ਇਸ ਨਾਲ਼ ਸਿਹਤ ਵਿਭਾਗ ਦੇ ਅਫਸਰ ਅਤੇ ਇਹ ਲੋਕ ਭੁੱਖੇ ਮਰਨ ਲੱਗਣਗੇ। ਬਿਮਾਰੀ ਫੈਲਣ 'ਤੇ ਇਸ ਨਾਲ ਨਿਬੜਨ ਲਈ ਆਰਜੀ ਕਲੀਨਿਕ, ਡਿਸਪੈਂਸਰੀ ਅਤੇ ਡੇਂਗੂ ਅਤੇ ਪਲੇਟਲੈੱਟ ਟੈਸਟ ਕਰਨ ਦੀ ਸਸਤੀ ਜਾਂ ਮੁਫਤ ਸੁਵਿਧਾ ਦੇਣ ਲਈ ਆਰਜੀ ਲੈਬੋਰਟਰੀ ਬਣਾਈ ਜਾ ਸਕਦੀ ਹੈ, ਅਤੇ ਨਾਲ਼ ਹੀ ਅਜਿਹੇ ਸਮੇਂ 'ਚ ਪ੍ਰਭਾਵਿਤ ਇਲਾਕਿਆਂ ਵਿੱਚ ਡਾਕਟਰ ਅਤੇ ਹੋਰ ਸਿਹਤ ਵਿਭਾਗ ਦੇ ਕਰਮਚਾਰੀਆਂ ਦੀ ਡਿਊਟੀ ਵੀ ਲੱਗੇ। ਪਰ ਇਹ ਸੰਭਵ ਨਹੀਂ ਕਿਉਂਕਿ ਪਹਿਲਾਂ ਤਾਂ ਸਰਕਾਰ ਚਾਹੁੰਦੀ ਹੀ ਨਹੀਂ, ਅਤੇ ਨਾ ਹੀ ਉਸ ਕੋਲ ਆਮ ਲੋਕਾਂ ਲਈ ਖਜਾਨੇ ਵਿੱਚ ਪੈਸੇ ਹੁੰਦੇ ਹਨ ਕਿਉਂਕਿ ਪੈਸਾ ਤਾਂ ਸਾਰੇ ਸਰਮਾਏਦਾਰਾਂ ਦੀਆਂ ਤਿਜ਼ੋਰੀਆਂ ਅਤੇ ਨੇਤਾਵਾਂ-ਅਫਸਰਾਂ ਦੀਆਂ ਜੇਬ੍ਹਾਂ ਵਿੱਚ ਚਲਾ ਜਾਂਦਾ ਹੈ। ਦੂਜਾ, ਬਹੁਤ ਸਾਰੇ ਡਾਕਟਰ ਵੀ ਨਹੀਂ ਚਾਹੁਣਗੇ ਕਿ ਉਹਨਾਂ ਨੂੰ ਗਰੀਬਾਂ ਦੀ ਬਸਤੀ ਵਿੱਚ ਜਾ ਕੇ ਰਾਤ ਬਿਤਾਉਣੀ ਪਵੇ। ਮਾਮਲਾ ਸਾਫ਼ ਹੈ ਕਿ ਡੇਂਗੂ ਦੀ ਬਿਮਾਰੀ ਅਤੇ ਡੇਂਗੂ ਦਾ ਡਰ ਲੋਕਾਂ ਵਿੱਚ ਫੈਲਦਾ ਰਹੇਗਾ ਜਦੋਂ ਤੱਕ ਆਮ ਕਿਰਤੀ ਲੋਕ ਖੁਦ ਇੱਕਮੁੱਠ ਹੋ ਕੇ ਸਰਕਾਰ ਅਤੇ ਸਿਹਤ ਵਿਭਾਗ ਨੂੰ ਹੋਸ ਵਿੱਚ ਲਿਆਉਣ ਲਈ "ਗੁਲੂਕੋਜ਼" ਨਹੀਂ ਲਾਉਣਗੇ। ਇੱਕ ਗੱਲ ਹੋਰ, ਡੇਂਗੂ ਅਤੇ ਇਸ ਨਾਲ ਜੁੜਿਆ ਪੂਰਾ ਮਾਮਲਾ ਇੱਕ ਵਾਰ ਫਿਰ ਇਹ ਦਿਖਾਉਂਦਾ ਹੈ ਕਿ ਸਰਮਾਏਦਾਰੀ ਵਿੱਚ ਇਲਾਜ ਦਾ ਉਦੇਸ਼ ਮੁਨਾਫਾ ਕਮਾਉਣਾ ਹੈ ਅਤੇ ਚਕਿਤਸਾ ਵਿਗਿਆਨ ਮੁਨਾਫ਼ੇਖੋਰਾਂ ਦੀ ਰਖੇਲ ਬਣ ਚੁੱਕਾ ਹੈ ਅਤੇ ਜੋ ਵਿਗਿਆਨ ਪੂਰੀ ਮਨੁੱਖਤਾ ਲਈ ਹੈ, ਉਹ ਕੁੱਝ ਲੋਕਾਂ ਲਈ ਬਣ ਗਿਆ ਹੈ। ਹੋਰ ਤਾਂ ਹੋਰ, ਆਪਣੀਆਂ ਢੇਰ ਸਾਰੀਆਂ ਬੁਰਾਈਆਂ ਦੇ ਨਾਲ-ਨਾਲ, ਇਸ ਢਾਂਚੇ ਨੇ ਜੋ ਚੰਗੀਆਂ ਚੀਜ਼ਾਂ ਹਨ ਉਹਨਾਂ ਨੂੰ ਵੀ ਇਸ ਆਦਮਖੋਰ ਢਾਂਚੇ ਨੇ ਉਲਟ ਰੂਪ ਵਿੱਚ ਬਦਲ ਦਿੱਤਾ ਹੈ ਜਾਂ ਦੇਣਾ ਹੈ। ਸਰਮਾਏਦਾਰੀ ਦਾ ਖਾਤਮਾ ਅੱਜ ਚਕਿਤਸਾ ਵਿਗਿਆਨ ਦੀ ਸੁਰੱਖਿਆ ਦਾ ਹੀ ਨਹੀਂ, ਸਗੋਂ ਪੂਰੇ ਵਿਗਿਆਨ ਦੀ ਸੁਰੱਖਿਆ ਦਾ ਮਾਮਲਾ ਬਣ ਚੁੱਕਾ ਹੈ।



ਦਵਿੰਦਰ ਕੌਰ ਖੁਸ਼ ਧਾਲੀਵਾਲ, ਖੋਜਕਰਤਾ,
ਧੂਰਕੋਟ ਮੋਗਾ,
8847227740

CANADIAN TRUCK
TRAINING CENTRE


ਹਰਪਾਲ ਸਿੰਘ ਮਾਨ




ਤਸੱਲੀਬਖਸ਼
ਸੇਵਾਵਾਂ ਲਈ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662



UNIVERSAL
MORTGAGES
CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL
YOUR MORTGAGE NEEDS

## ਲਮਹਾ ਲਮਹਾ-2 /26 (ਡਾਇਰੀ ਦਾ ਪੰਨਾ)

# ਚੰਦਰਮਾ 'ਤੇ ਖੇਤੀ ਦਾ ਸੁਪਨਾ



ਅੱਜ ਬੁੱਧ ਪੂਰਨਿਮਾ ਹੈ। ਬੁੱਧ ਵਾਂਗ ਪੂਰਨ ਚੰਦਰਮਾ ਸ਼ਾਂਤੀ ਤੇ ਪੂਰੇ ਜਲੌ ਨਾਲ ਅਕਾਸ਼ ਵਿਚ ਚਮਕ ਰਿਹਾ ਹੈ। ਪੂਰਾ ਚੰਦਰਮਾ ਮੈਨੂੰ ਅੰਦਰ ਤੱਕ ਖਿੱਚ ਪਾਉਂਦਾ ਹੈ। ਇਸ ਵਿਚ ਅਜਿਹੀ ਆਕਰਸ਼ਨ ਸ਼ਕਤੀ ਹੈ ਜੋ ਤੁਹਾਡੀ ਕਲਪਨਾ ਨੂੰ ਨਛੱਤਰਾਂ ਤੋਂ ਪਾਰ ਲੈ ਜਾਂਦੀ ਹੈ। ਕਲਪਨਾ ਮਨੁੱਖ ਦਾ ਕੀਮਤੀ ਸਰਮਾਇਆ ਹੈ। ਇਹ ਹੋਰ ਕਿਸੇ ਜੀਵ ਜੰਤੂ ਨੂੰ ਹਾਸਲ ਨਹੀਂ। ਚੰਦਰਮਾ ਦੇ ਜਾਦੂ ਕਰਕੇ ਹੀ ਇਸ ਨਾਲ ਰੋਮਾਂਟਿਕ ਕਿੱਸੇ ਜੁੜੇ ਹੋਏ ਹਨ। ਲੋਕ ਗੀਤਾਂ, ਮਿੱਥਾਂ, ਕਹਾਣੀਆਂ,ਬਾਤਾਂ ਤੇ ਸਾਹਿਤ ਵਿਚ ਚੰਦਰਮਾ ਦੇ ਕਈ ਰੂਪਾਂ ਦੇ ਦਰਸ਼ਨ ਦੀਦਾਰੇ ਹੁੰਦੇ ਨੇ।

ਵਿਗਿਆਨੀਆਂ ਲਈ ਇਹ ਇਕ ਗ੍ਰਹਿ ਹੈ। ਇਹਦੇ ਸੁਹਜ ਤੇ ਸੁਹੱਪਣ ਨਾਲ ਉਨ੍ਹਾਂ ਨੂੰ ਕੋਈ ਸਰੋਕਾਰ ਨਹੀਂ। ਉਹ ਇਸਨੂੰ ਪਦਾਰਥ ਸਮਝਦੇ ਹਨ। ਉਹ ਤਾਂ ਇਹਦੀ ਵਰਤੋਂ ਲਈ ਕਲਪਨਾ ਦੇ ਘੋੜੇ ਦੌੜਾ ਰਹੇ ਹਨ। ਏਸੇ ਕਲਪਨਾ ਵਿਚੋਂ ਉਨ੍ਹਾਂ ਸੋਚਿਆ ਕਿ ਜੇ ਚੰਦਰਮਾ 'ਤੇ ਖੇਤੀ ਕਰ ਲਈ ਜਾਵੇ ? ਕਿਓਂਕਿ ਧਰਤੀ 'ਤੇ ਵਿਕਾਸ ਦੇ ਨਾਂ 'ਤੇ ਚੰਗੀਆਂ ਖੇਤੀ ਵਾਲੀਆਂ ਉਪਜਾਊ ਜ਼ਮੀਨਾਂ ਘਟਦੀਆਂ ਜਾ ਰਹੀਆਂ ਹਨ। ਮਨੁੱਖ ਨੂੰ ਢਿੱਡ ਲੱਗਿਆ ਹੋਇਆ ਤੇ ਇਹ ਖੇਤੀ ਪੈਦਾਵਾਰ ਤੋਂ ਬਿਨਾ ਭਰ ਨਹੀਂ ਸਕਦਾ। ਏਸੇ ਲਈ ਉਨ੍ਹਾਂ ਨੂੰ ਚੰਦਰਮਾ ਦਾ ਖਿਆਲ ਆਇਆ ਕਿਓਂਕਿ ਉਹ ਹੁਣ ਮਨੁੱਖ ਦੀ ਪਹੁੰਚ ਵਿਚ ਹੈ ਤੇ ਓਥੇ ਜ਼ਮੀਨ ਵੀ ਬਥੇਰੀ ਵੇਹਲੀ ਪਈ ਹੈ। ਅਜੇ ਕਾਰਪੋਰੇਟਾਂ ਦਾ ਵੀ ਓਥੇ ਕੋਈ ਰੌਲਾ ਨਹੀਂ।

ਚੀਨ ਤਕਨਾਲੌਜੀ ਦੇ ਖੇਤਰ ਵਿਚ ਦੁਨੀਆ ਦਾ ਸਰਦਾਰ ਹੈ। ਉਹਨੇ ਇਹੋ ਜਿਹੀਆਂ ਗੁੱਪ ਚੁੱਪ ਕਾਢਾਂ ਕੱਢ ਲਈਆਂ ਹਨ ਕਿ ਦੁਨੀਆ ਦਾ ਮੁਹੈਲ ਬਣਨ ਦੇ ਨਾਲ ਨਾਲ ਉਹ ਪੁਲਾੜ ਨੂੰ ਵੀ ਕਬਜੇ ਵਿਚ ਕਰਨ ਦੇ ਆਹਰ ਵਿਚ ਹੈ। ਹਾਲਾਂਕਿ ਉਹ ਖੇਤੀ ਦੀ ਪੈਦਾਵਾਰ ਦੀ ਥਾਂ ਚੂਹਿਆਂ, ਬਿੱਲੀਆਂ, ਕੀੜਿਆਂ, ਮਕੌੜਿਆਂ, ਝੀਂਗਿਆਂ ਕਿਰਲੀਆਂ ਤੇ ਹੋਰ ਕਈ ਮਾਸਖੋਰਿਆਂ ਦਾ ਸੇਵਣਹਾਰਾ ਹੈ। ਉਹ ਚੰਦਰਮਾ 'ਤੇ ਖੇਤੀ ਕਰਨ ਦੀ ਯੋਜਨਾ ਬਣਾ ਰਿਹਾ ਹੈ।

ਓਧਰ ਅਮਰੀਕਾ ਵੀ ਘੱਟ ਨਹੀਂ। ਉਹਨੇ ਚੰਦਰਮਾ ਦੀ ਮਿੱਟੀ ਨੂੰ ਉਪਜਾਊ ਬਣਾਉਣ ਲਈ ਇਕ ਨਵਾਂ ਤਰੀਕਾ ਖੋਜ ਲਿਆ ਹੈ। ਨਾਸਾ ਨੇ ਆਰਟੇਮਿਸ-3 ਚੰਦਰਮਾ 'ਤੇ ਖੇਤੀ ਦੀ ਸੰਭਾਵਨਾ ਖੋਜਣ ਲਈ ਬਣਾਇਆ ਹੈ।

ਪਿਛਲੇ ਦਿਨੀਂ ਚੀਨ ਦਾ ਉਪਗ੍ਰਹਿ ਵੀ ਚੰਦਰਮਾ ਤੋਂ ਮਿੱਟੀ ਲੈ ਕੇ ਆਇਆ ਹੈ। ਉਹਦਾ ਕਹਿਣਾ ਹੈ ਕਿ ਇਸ ਮਿੱਟੀ ਦੀ ਖੋਜ ਤੋਂ ਪਾਣੀ ਹੋਣ ਦੇ ਸੰਕੇਤ ਮਿਲੇ ਹਨ। ਭਾਰਤ ਦੇ ਚੰਦਰਯਾਨ-1 ਨੇ ਪੰਦਰਾਂ ਵਰ੍ਹੇ ਪਹਿਲਾਂ ਪਾਣੀ ਹੋਣ ਦੇ ਸੰਕੇਤ ਦੇ ਦਿੱਤੇ ਸਨ। ਚੀਨ ਤਾਂ ਹੁਣ ਉਥੇ ਫਲਾਂ ਦੀ ਕਾਸ਼ਤ ਕਰਨ ਦੇ ਸੁਪਨੇ ਲੈ ਰਿਹਾ ਹੈ। ਇਹ ਮਿੱਟੀ ਚੰਦਰਮਾ ਦੇ ਉਸ ਹਿੱਸੇ ਵਿਚ ਹੈ, ਜਿਥੇ ਹਨੇਰਾ ਰਹਿੰਦਾ ਹੈ। ਏਥੇ ਇਹ ਗੱਲ ਵੀ ਵਰਨਣਯੋਗ ਹੈ ਕਿ ਭਾਰਤ ਪਹਿਲਾ ਅਜਿਹਾ ਦੇਸ਼ ਹੈ ਜਿਸਨੇ ਸਫਲਤਾ ਨਾਲ ਚੰਦਰਯਾਨ-3 ਨੂੰ ਚੰਦਰਮਾ ਦੇ ਦੱਖਣੀ ਧਰੁਵ 'ਤੇ ਉਤਾਰਿਆ ਸੀ।

ਚੀਨ ਨੇ ਦਾਅਵਾ ਕੀਤਾ ਹੈ ਕਿ ਮਨੁੱਖੀ ਇਤਿਹਾਸ ਵਿਚ ਉਹਨੂੰ ਪਹਿਲੀ ਵਾਰ ਚੰਦਰਮਾ 'ਤੇ ਜੋ ਮਿੱਟੀ ਮਿਲੀ ਹੈ, ਉਹਦੇ ਵਿਚ ਵੱਖਰੀ ਤਰ੍ਹਾਂ ਦਾ ਮੌਲੀਕਿਊਅਰ ਸਟਰੱਕਚਰ ਹੈ। ਇਸ ਦੌੜ ਵਿਚ ਹੁਣ ਰੂਸ, ਅਮਰੀਕਾ, ਯੋਰਪੀ ਸਪੇਸ ਏਜੰਸੀ, ਚੀਨ, ਭਾਰਤ ਤੇ ਜਾਪਾਨ ਸਮੇਤ ਵੱਡੇ ਖਿਡਾਰੀ ਸ਼ਾਮਲ ਹੋ ਗਏ ਹਨ। ਪਰ ਚੰਦਰਮਾ ਦੇ ਜਿਸ ਹਿੱਸੇ ਵਿਚ ਪਾਣੀ ਹੋਣ ਦੀ ਸੰਭਾਵਨਾ ਹੈ, ਉਹਦੀ ਹੋੜ ਭਾਰਤ ਤੇ ਚੀਨ ਵਿਚਾਲੇ ਹੈ। ਭਾਰਤ ਨੇ ਚੰਦਰਮਾ ਦੇ ਹਨੇਰੇ ਹਿੱਸੇ ਵਿਚ ਆਪਣਾ ਰੋਵਰ ਭੇਜਿਆ ਸੀ, ਜਿਸਨੇ ਇਕ ਹਫਤੇ ਤੱਕ ਚੰਦਰਮਾ ਦੀ ਮਿੱਟੀ ਦੇ ਕਈ ਨਮੂਨੇ ਇਕੱਠੇ ਕੀਤੇ ਜਿਨ੍ਹਾਂ ਤੋਂ ਪਾਣੀ ਦੀ ਮੌਜੂਦਗੀ ਦਾ ਪਤਾ ਲੱਗਿਆ।

ਅਮਰੀਕੀ ਪੁਲਾੜ ਵਿਗਿਆਨੀਆਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਚੰਦਰਮਾ ਦੀ ਮਿੱਟੀ ਨੂੰ ਉਪਜਾਊ ਬਣਾਉਣ ਵਾਲੇ ਅਜਿਹੇ ਜੀਵਾਣੂਆਂ ਨੂੰ ਓਥੇ ਭੇਜਿਆ ਸੀ, ਜੋ ਪੌਦਿਆਂ ਲਈ ਮਹੱਤਵਪੂਰਨ ਪੋਸ਼ਕ ਤੱਤ ਫਾਸਫੋਰਸ ਨੂੰ ਵਧਾਉਂਦੇ ਹਨ। ਇਸਦੀ ਪਰਖ ਲਈ ਨਾਸਾ ਆਰਟੇਮਿਸ-3 ਨੂੰ ਦੋ ਸਾਲਾਂ ਬਾਅਦ ਚੰਦਰਮਾ 'ਤੇ ਭੇਜੇਗਾ। ਇਕ ਵਿਸ਼ੇਸ਼ ਪੇਲੋਡ ਚੰਦਰਮਾ ਦੇ ਵਾਤਾਵਰਣ ਵਿਚ ਪੌਦਿਆਂ ਦੀ ਖੇਤੀ ਦੀ ਸੰਭਾਵਨਾ ਦਾ ਪਤਾ ਲਾਏਗਾ। ਅਮਰੀਕੀ ਨੈਸ਼ਨਲ ਏਰੋਨਾਟਿਕਸ ਐਂਡ ਐਡਮਨਿਸਟ੍ਰੇਸ਼ਨ ਨੇ ਆਰਟੇਮਿਸ-3 ਦੇ ਦੌਰਾਨ ਚੰਦਰਮਾ ਦੀ ਸਤਹ 'ਤੇ ਤਾਇਨਾਤ ਕਰਨ ਲਈ ਕੁਝ ਟੂਲਜ਼ ਦੀ ਚੋਣ ਵੀ ਕੀਤੀ, ਜਿਨ੍ਹਾਂ ਵਿਚ ਇਕ ਖੇਤੀ 'ਤੇ ਚੰਦਰਮਾ ਦੇ ਪ੍ਰਭਾਵ ਦਾ ਪਤਾ ਲਾਏਗਾ। ਇਹ ਪੁਲਾੜ ਦੀਆਂ ਫਸਲਾਂ 'ਤੇ ਚੰਦਰਮਾ ਦੀ ਸਤਹ ਦੇ ਵਾਤਾਵਰਣ ਦੇ ਪ੍ਰਭਾਵਾਂ ਦੀ ਜਾਂਚ ਕਰੇਗਾ।

2022 ਵਿਚ ਇਸ ਸੰਬੰਧੀ ਕੀਤੀ ਗਈ ਖੋਜ ਦੇ ਕੁਝ ਅਧਿਐਨ ਸਾਹਮਣੇ ਆਏ ਹਨ ਜਿਨ੍ਹਾਂ ਅਨੁਸਾਰ ਅਮਰੀਕੀ ਖੋਜੀਆਂ ਨੇ ਬਾਰਾਂ ਥਿੰਬਲ ਆਕਾਰ ਦੇ ਕੰਟੇਨਰਾਂ ਵਿਚ ਅਰੇਬਿਡੋਪਿਸ ਥਾਲਿਆਨਾ ਨਾਂ ਦਾ ਇਕ ਫੁਲਦਾਰ ਘਾਹ ਫੂਸ ਉਗਾਇਆ, ਜਿਸ ਵਿਚ ਹਰੇਕ ਵਿਚ ਅੱਧੀ ਸਦੀ ਤੋਂ ਵੀ ਪਹਿਲਾਂ ਨਾਸਾ ਮਿਸ਼ਨਾਂ ਦੁਆਰਾ ਲਿਆਂਦੀ ਗਈ ਚੰਦਰਮਾ ਦੀ ਮਿੱਟੀ ਵੀ ਸ਼ਾਮਲ ਸੀ।

ਪੋਸਟ ਸਕ੍ਰਿਪਟ- ਜੇ ਅੱਜ ਕਲਪਨਾ ਕਰੀਏ ਕਿ ਵਿਗਿਆਨ ਤੇ ਤਕਨੀਕ ਦੇ ਸਹਾਰੇ ਜੇ ਕਿਸੇ ਦਿਨ ਮਨੁੱਖ ਸੱਚਮੁੱਚ ਇਸ ਸੁਪਨੇ ਨੂੰ ਪੂਰਾ ਕਰਨ ਵਿਚ ਕਾਮਯਾਬ ਹੋ ਗਿਆ ਤਾਂ ਕੀ ਅਸੀਂ ਇਸਦੀ ਸੁੰਦਰਤਾ, ਸੁਹਜ,ਗੀਤਾਂ ਤੇ ਸੀਤਲਤਾ ਨੂੰ ਇੰਜ ਹੀ ਮਾਣ ਸਕਾਂਗੇ ? ਇਹ ਸੁਆਲ ਅਜੇ ਸਿਰਫ਼ ਸੋਚਾਂ ਵਿਚ ਹੈ। ਭਵਿੱਖ ਵਿਚ ਹਕੀਕਤ ਕਿਹੋ ਜਿਹਾ ਰੂਪ ਧਾਰੇਗੀ ਇਹ ਵੀ ਦਿਲਚਸਪ ਮੁੱਦਾ ਹੋਵੇਗਾ। ਫਿਲਹਾਲ ਤਾਂ ਸਾਨੂੰ ਇਹਦਾ ਅਨੰਦ ਮਾਨਣਾ ਚਾਹੀਦਾ। ਮੇਰੀ ਖਿੜਕੀ ਵਿਚੋਂ ਪੂਰਾ ਚੰਦਰਮਾ ਝਾਤੀਆਂ ਮਾਰ ਰਿਹਾ ਹੈ ਤੇ ਇਹਦੀ ਖੂਬਸੂਰਤੀ ਤੇ ਨਜ਼ਾਕਤ ਝੱਲੀ ਨਹੀਂ ਜਾ ਰਹੀ। ਮੌਕਾ ਹੈ ਤੁਸੀਂ ਵੀ ਚੰਦਰਮਾ ਦੀ ਚਾਨਣੀ ਵਿਚ ਇਸ਼ਨਾਨ ਕਰਕੇ ਚਾਨਣ ਚਸ਼ਮੇ ਹੋ ਜਾਓ।

ਪਰਮਜੀਤ ਢੀਂਗਰਾ

# ਉਹਦਾ ਦਗ ਦਗ ਕਰਦਾ ਚਿਹਰਾ...

ਉਹਦੀ ਸੇਵਾ ਨਹੀਂ ਦੇਖੀ
ਉਹਦਾ ਸਮਰਪਨ ਨਹੀਂ ਦੇਖਿਆ
ਉਹਦੀ ਹਿੰਮਤ ਨਹੀਂ ਦੇਖੀ
ਬੱਸ ਦੇਖਿਆ ਹੈ, ਉਹਦਾ ਦਗ ਦਗ ਕਰਦਾ
ਚਿਹਰਾ
ਬੱਸ ਦੇਖਿਆ ਹੈ ਉਹਦਾ ਗੋਰਾ ਨਿਸੋਹ ਰੰਗ
ਦੇਖਿਆ ਹੈ ਓਹਦਾ ਕੁਆਰਾ ਜਿਸਮ
ਤੇ ਉਹ ਵੀਹ ਪੱਚੀ ਜਾਣੇ
ਬਣ ਗਏ ਭੇੜੀਏ
ਲੰਬੀਆਂ ਲੰਬੀਆਂ ਜੀਭਾਂ ਨਾਲ
ਖਾ ਲਿਆ ਬੋਟੀ ਬੋਟੀ
ਤੇ ਉਹ ਤੜਫਦੀ
ਅੰਗ ਅੰਗ ਚੋਂ ਚਸਕਦੀ
ਚਾਰ ਚੁਫੇਰੇ ਖੂਨ ਹੀ ਖੂਨ
ਫ਼ਰਸ਼ ਤੇ ਨਿਢਾਲ ਪਈਈ
ਕਦੋਂ ਧਰਮਰਾਜ ਦੀਆਂ ਪੌੜੀਆਂ ਚੜ੍ਹ
ਗਈ, ਸ਼ਾਇਦ ਉਹਨੂੰ ਖ਼ੁਦ ਵੀ ਪਤਾ ਨਾ
ਲੱਗਿਆ ਹੋਵੇ।
ਪਰ ਵਹਿਸ਼ੀ ਦਰਿੰਦੇ ਦਨ ਦਨਾਉਂਦੇ
ਗੰਦੇ ਹਾਸੇ ਹੱਸਦੇ,
ਕਿਸੇ ਮਹਾਨ ਲੀਡਰ ਦੀ ਗੋਦ ਚ ਜਾ ਬੈਠੇ
ਜਿੱਥੇ ਓਹਨਾਂ ਦੀ ਵਾਅ ਵੱਲ ਵੀ ਨਾ ਕੋਈ
ਝਾਕੇ
ਕੁੜੀਆਂ ਦਾ ਕੀ ਆ ??
ਏਹਤਾਂ ਭੋਗਣ ਲਈ ਹੁੰਦੀਆਂ
ਏਹਤਾਂ ਡੋਬਣ ਲਈ ਹੁੰਦੀਆਂ
ਏਹ ਮਰਦ ਪ੍ਰਧਾਨ ਸਮਾਝ
ਏਹੀ ਸੋਚਦਾ
ਏਹੀ ਕਰਦਾ
ਬੜੇ ਵੱਡੇ ਖੁਲਾਸੇ ਕਰਨੇ ਸੀ ਓਸ ਧੀ ਨੇ,
ਕਿਵੇਂ ਲਾਸ਼ ਘਰ ਵਿੱਚ ਨੌਜਵਾਨਾਂ ਕੁੜੀਆਂ
ਦੀਆਂ ਲਾਸ਼ਾਂ ਨਾਲ
ਬਣਦੀਆਂ ਸਨ ਨੀਲੀਆਂ ਫਿਲਮਾਂ
ਵੱਡੇ ਡਾਕਟਰ ਤੇ ਵੱਡੇ ਲੀਡਰ
ਫਸ ਜਾਣੇ ਸਨ
ਜੇ ਕਿਤੇ ਇੱਕ ਰਾਤ ਓਹ ਹੋਰ ਜਿਓਂਦੀ
ਲੰਘਾ ਜਾਂਦੀ ।
ਪਰ
ਪਰ ਸਮਾਂ ਕਦੋਂ ਰੁਕਦਾ ਹੈ
ਕਦੋਂ ਰੁਕਦਾ ਹੈ
ਦੋ ਸ਼ਬਦ ਸ਼ਰਧਾਂਜਲੀ ਵਜੋਂ ਓਸ ਧੀ ਲਈ
ਜੋ ਵੱਡੇ ਸ਼ਿਕਾਰੀਆਂ ਦੀ ਬੁਰਕੀ ਬਣ

# ਪੈਨਾਹਿਲ ਸੀਨੀਅਰ ਕਲੱਬ ਨੇ ਫੈਮਿਲੀ ਫਨ ਫੇਅਰ ਅਤੇ ਕਨੇਡਾ ਡੇ ਮਨਾਇਆ






(ਬਰੈਂਪਟਨ/ਬਾਸੀ ਹਰਚੰਦ) : ਬਰੈਂਪਟਨ ਦੀ ਹਰ ਵਸੋਂ ਵਿੱਚ ਮਲਟੀ ਕਲਚਰ ਸੀਨੀਅਰਜ਼ ਦੀਆਂ ਕਲੱਬਾਂ ਬਣੀਆਂ ਹੋਈਆਂ ਹਨ। ਬਰੈਂਪਟਨ ਦੇ ਪੂਰਬ ਵੱਲ ਗੋਰ ਰੋਡ ਨੇੜੇ ਪੈਨਾਹਿਲ ਸੀਨੀਅਰਜ਼ ਕਲੱਬ ਹੈ। ਇਸ ਦੀ ਆਪਣੀ ਵਿਲੱਖਣਤਾ ਹੈ। ਹਰ ਸਾਲ ਧੂਮ ਧਾਮ ਨਾਲ ਕਨੇਡਾ ਦਿਵਸ ਅਤੇ ਭਾਰਤ ਦਾ ਅਜ਼ਾਦੀ ਦਿਵਸ ਮਨਾਉਂਦੀ ਹੈ। ਇਸ ਸਾਲ ਕਲੱਬ ਨੇ ਆਪਣਾ ਗਿਆਰਵਾਂ ਕਨੇਡਾ ਦਿਵਸ ਅਤੇ ਫੈਮਿਲੀ ਫਨ ਫੇਅਰ 18 ਅਗੱਸਤ ਨੂੰ ਲਾਅਸਨ ਪਾਰਕ ਵਿਖੇ ਮਨਾਇਆ। ਇਸ ਦਿਨ ਮੌਸਮ ਕੁਝ ਬਰਸਾਤ ਦਾ ਸੀ ਪਰ ਫਿਰ ਵਿ ਵੱਡੀ ਗਿਣਤੀ ਵਿੱਚ ਪੁਰਸ਼ ,ਬੀਬੀਆਂ,ਬੱਚੇ ਅਤੇ ਨੌਜਵਾਨ ਉਤਸ਼ਾਹ ਅਤੇ ਹੁਲਾਸ ਨਾਲ ਸ਼ਾਮਲ ਹੋਏ। ਪ੍ਰਬੰਧਕੀ ਟੀਮ ਨੇ ਟੈਂਟਾਂ ,ਮੇਜ ਕੁਰਸੀਆਂ ਦਾ ਲੋੜੀਦਾ ਵਧੀਆ ਪ੍ਰਬੰਧ ਕਰ ਲਿਆ ਸੀ । ਸਾਢੇ ਗਿਆਰਾਂ ਵਜੇ ਮਾਨਯੋਗ ਮਨਿੰਦਰ ਸਿੰਘ ਸਿੱਧੂ ਐਮ ਪੀ , ਪੈਟ ਫਰਟੀਨੀ ਰਿਜਨਲ ਕੌਂਸਲਰ ਬਰੈਂਪਟਨ ਸਿਟੀ ਅਤੇ ਰੌਡ ਪਾਵਰ ਕੌਂਸਲਰ ਬਰੈਂਪਟਨ ਸਿਟੀ, ਸੱਤ ਪਾਲ ਸਿੰਘ ਜੌਹਲ ਵਾਈਸ ਪਰੈਜ਼ੀਡੈਂਟ ਪੀਲ ਸਕੂਲ ਬੋਰਡ, ਜੰਗੀਰ ਸਿੰਘ ਸੈਂਬੀ ਪ੍ਰਧਾਨ ਅਸੋਸੀਏਸ਼ਨ ਆਫ ਸੀਨੀਅਰਜ਼ ਕਲੱਬ ਬਰੈਂਪਟਨ ਦੁਆਰਾ ਪਬਲਿਕ ਦੀ ਭਰਵੀਂ ਹਾਜਰੀ ਵਿੱਚ ਕਨੇਡਾ ਅਤੇ ਭਾਰਤ ਦਾ ਝੰਡਾ ਲਹਿਰਾਇਆ ਗਿਆ ਅਤੇ ਦੋਹਾਂ ਦੇਸਾਂ ਦੇ ਕੌਮੀ ਗੀਤ ਗਾਏ ਗਏ। ਇਸ ਸਮੇਂ ਹਰਦੀਪ ਸਿੰਘ ਗਰੇਵਾਲ ਐਮ ਪੀ ਪੀ ਵੀ ਸ਼ਾਮਲ ਹੋ ਗਏ। ਉਪਰੰਤ ਕੁਲਵੰਤ ਸਿੰਘ ਜੰਜੂਆ ਕਲੱਬ ਦੇ ਜਨਰਲ ਸਕੱਤਰ ਨੇ ਸਟੇਜ ਤੋਂ ਆਏ ਹੋਏ ਮਹਿਮਾਨਾਂ ਅਤੇ ਪਬਲਿਕ ਦਾ ਸੁਅਗਤੀ ਭਾਸ਼ਨ ਦਿਤਾ ਕਲੱਬ ਵੱਲੋਂ ਦਿਲ ਦੀ ਗਹਿਰਾਈ ਤੋਂ ਸੱਭ ਦਾ ਸੁਆਗਤ ਅਤੇ ਧੰਨਵਾਦ ਕੀਤਾ । ਫਿਰ ਉਹਨਾਂ ਸਟੇਜ ਦੀ ਕਾਰਵਾਈ ਚਲਾਉਣ ਲਈ ਮਾਈਕ ਹਰਚੰਦ ਸਿੰਘ ਬਾਸੀ ਦੇ ਹਵਾਲੇ ਕਰ ਦਿਤਾ। ਸਟੇਜ ਸਕੱਤਰ ਨੇ ਪਹਿਲਾਂ ਮਹਿਮਾਨਾਂ ਅਤੇ ਪਬਲਿਕ ਦਾ ਸੁਅਗਤ ਕੀਤਾ ਅਤੇ ਫਿਰ ਕਨੇਡਾ ਅਤੇ ਭਾਰਤ ਦੋਹਾਂ ਦੀ ਸੁੱਖ ਮੰਗਦਾ ਗੀਤ ਗਾਇਆ। ਸਮਾਗਮ ਦੀ ਪ੍ਰਤੀਨਿਧਤਾ ਕਰਨ ਆਏ ਸਾਰੇ ਮਹਿਮਾਨਾਂ ਨੇ ਆਪਣੇ ਭਾਸ਼ਨ ਵਿੱਚ ਪਬਲਿਕ ਦੀਆਂ ਸਮੱਸਿਆਵਾਂ ਕਾਰਾਂ ਚੋਰੀ, ਨਸ਼ਿਆਂ ਦੀ ਅਲਾਮਤ, ਸਟੂਡੈਂਟਾਂ ਦੇ ਮਸਲੇ ,ਘਰਾਂ, ਬੇਸਮੈਂਟਾਂ, ਮਹਿੰਗਾਈ ਆਦਿ ਨਾਲ ਆਪਣੇ ਆਪਣੇ ਪੱਧਰ ਤੇ ਮਿਲ ਕੰਮ ਕਰਨ ਦਾ ਪਹਿਲ ਦੇ ਅਧਾਰ ਤੇ ਨਜਿਠਣ ਦਾ ਯਕੀਨ ਦੁਆਇਆ। ਮਹਿਮਾਨਾਂ ਦੇ ਨਾਲ ਸਟੇਜ ਤੇ ਕਲੱਬ ਤੋਂ ਅਵਤਾਰ ਸਿੰਘ ਪੁਰੇਵਾਲ ਐਕਟਿੰਗ ਪ੍ਰਧਾਂਨ, ਪ੍ਰੋ:ਨਿਰਮਲ ਸਿੰਘ ਧਾਰਨੀ,ਅਮਰੀਕ ਸਿੰਘ ਪ੍ਰਧਾਨ ਡੌਨ ਮਿਨਾਕਰ ਕਲੱਬ, ਅਮਰਜੀਤ ਸਿੰਘ ਰੈਡ ਵਿਲੋ ਕਲੱਬ ਮਾਸਟਰ ਮਹਿੰਦਰ ਸਿੰਘ, ਸੁਖਦੇਵ ਸਿੰਘ ਮੂਕਰ ,ਨਿਰਮਲ ਸਿੰਘ ਖੰਘੂੜਾ,ਅਤੇ ਜਸਵਿੰਦਰ ਸਿੰਘ ਰੱਖੜਾ ਬਿਰਾਜਮਾਨ ਸਨ। ਬਾਰਸ਼ ਨੇ ਵੀ ਜੋਰ ਫੜ ਲਿਆ ਪਰ ਪਬਲਿਕ ਦਾ ਉਤਸ਼ਾਹ ਨਹੀਂ ਘਟਿਆ। ਨਾਹਰ ਸਿੰਘ ਔਜਲਾ ਐਡ ਪਾਰਟੀ ਨੇ ਜੀਵਨ ਨਾਲ ਜੁੜੀਆਂ ਸਮੱਸਿਆਂ ਨੂੰ ਲੋਕਾਂ ਸਾਹਮਣੇ ਲਿਆਉਣ ਲਈ ਬਹੁਤ ਭਾਵਪੂਰਤ ਨਾਟਕ ਖੇਡਿਆ ਜਿਸ ਨੂੰ ਲੋਕਾਂ ਨੇ ਤਾੜੀਆਂ ਮਾਰ ਕੇ ਸੁਆਗਤ ਕੀਤਾ । ਰੁਬੀ ਕੌਰ ਐਂਡ ਪਾਰਟੀ ਨੇ ਗੀਤਾਂ ਦਾ ਰੰਗ ਬੰਨੀ ਰੱਖਿਆ । ਅਜੈਬ ਸਿੰਘ ਨੇ ਬੀਬੀ ਰੁਬੀ ਨਾਲ ਮਿਲ ਕੇ ਗੀਤ ਗਾਏ। ਬੀਬੀ ਪੂਨਮ ਨੇ ਧੀਆਂ ਸਬੰਧੀ ਭਾਵਕ ਗੀਤ ਗਾਇਆ। ਬੀਬੀਆਂ ਨੇ ਪੈਂਦੇ ਮੀਂਹ ਦੀ ਪਰਵਾਹ ਨਹੀਂ ਕੀਤੀ ਘੰਟਿਆਂ ਤੱਕ ਗਿੱਧਾ ਬੋਲੀਆਂ ਨਾਲ ਮਹੌਲ ਨੂੰ ਉਮਾਹ ਭਰਿਆ ਰੱਖਿਆ ਤੇ ਤੀਆਂ ਦਾ ਤਿਉਹਾਰ ਵੀ ਮਨਾ ਲਿਆ। ਜਾਗੋ ਵਾਲੇ ਗੀਤ ਵੀ ਗਾਏ। ਬੀਬੀ ਸੁਖਵਿੰਦਰ ਕੌਰ ਜੋ ਪਿਛਲੇ ਗਿਆਰਾਂ ਸਾਲ ਤੋਂ ਕਲੱਬ ਨਾਲ ਜੁੜੀ ਹੈ ਬੱਚੀਆਂ ਦਾ ਗਿੱਧਾ ਲੈ ਕੇ ਆਉਂਦੀ ਰਹੀ,ਵਿੰਡਸਰ ਤੋਂ ਆਪਣੀਆਂ ਗਿੱਧੇ ਵਿੱਚ ਟਰੇਂਡ ਕੀਤੀਆਂ ਮੁਟਿਆਰਾਂ ਬੱਚੀਆਂ ਨੂੰ ਸਪੈਸ਼ਲ ਲੈ ਕੇ ਆਈ। ਸ਼ਾਮ ਦੇ ਛੇ ਵਜੇ ਤੱਕ ਪੂਰੀ ਗਹਿਮਾ ਗਹਿਮੀ ਰਹੀ। ਬੀਬੀਆ ਆਦਮੀ ਬੱਚੇ ਨੌਜਵਾਨ ਹਿਲ ਕੇ ਨਹੀਂ ਗਏ ਅੰਤ ਨੂੰ ਸਮਾਨ ਸੰਭਲਣਾ ਸੀ ਮੁਸ਼ਕਲ ਨਾਲ ਕਮੇਟੀ ਨੇ ਸੰਗਤ ਤੋਂ ਛੁੱਟੀ ਲਈ। ਇੱਕ ਸਵੈ ਸੰਸਥਾ ਜੀਪ ਲਵਰ ਕਲੱਬ ਨੇ ਮੁਫਤ ਪੱਗਾਂ ਵੰਡੀਆਂ ਅਤੇ ਬੰਨਣਾ ਸਿਖਾਈਆਂ ਅਤੇ ਦੁਧ ਠੰਡੇ ਜਲ ਦੀ ਸ਼ਬੀਲ ਲਾਈ। ਬੀਬੀ ਸਰਬਜੀਤ ਕੌਰ ਨੇ ਸਟੇਜ ਦੀ ਡੈਕੋਰੇਸ਼ਨ ਕਮਾਲ ਦੀ ਕੀਤੀ । ਸੁਖਦੇਵ ਸਿੰਘ ਮਾਨ ਦੀ ਅਗਵਾਈ ਵਿੱਚ, ਛਿੰਦਰ ਸਿੰਘ, ਜਗਤਾਰ ਸਿੰਘ ਮੋਰਾਂ ਵਾਲੀ, ਜਸਵੰਤ ਸਿੰਘ ਕੋਕਰੀ ਆਦਿ ਨੇ ਚਾਹ ਮਠਿਆਈ ਭੋਜਨ ਪਾਣੀ ਦੀ ਕੋਈ ਕਮੀ ਨਹੀਂ ਆਉਣ ਦਿਤੀ । ਮਾਸਟਰ ਮਹਿੰਦਰ ਸਿੰਘ ਧੁਗਾ ਦੇ ਬੇਟੇ ਅਮਰਪ੍ਰੀਤ ਸਿੰਘ ਧੁਗਾ ਨੇ ਖੁਲੀ ਡੁੱਲੀ ਮਾਇਕ ਸਹਾਇਤਾ ਦੇ ਕੇ ਫਨ ਸਮਾਗਮ ਨੂੰ ਸਪੌਂਸਰ ਕੀਤਾ । ਬੀ ਟਟਾਊਨ ਤੋਂ ਬੀ ਬੁਟਰ ਅੱਠ ਬੱਚਿਆ ਲਈ ਗਿਫਟ ਲੈ ਕੇ ਆਏ। ਅੰਤ ਤੱਕ ਸੰਗਤ ਭੋਜਨ ਛਕਦੀ ਰਹੀ। ਲੰਗਰ ਵਰਤਾਉਣ ਦੀ ਸੇਵਾ ਵਿੱਚ ਬਲਦੇਵ ਕ੍ਰਿਸ਼ਨ, ਸ਼ੰਗਾਰਾ ਸਿੰਘ ਰਣਜੀਤ ਸਿੰਘ ਜੌਹਲ ਬਲਜੀਤ ਸਿੰਘ ਆਦਿ ਨੇ ਸ਼ਰਧਾ ਨਾਲ ਸਾਰਾ ਦਿਨ ਸੇਵਾ ਕੀਤੀ । ਅੰਤ ਵਿੱਚ ਪ੍ਰਧਾਨ ਅਵਤਾਰ ਸਿੰਘ ਨੇ ਸਮੁੱਚੀ ਕਮੇਟੀ ਵੱਲੋਂ ਮਾਇਕ ਸਹਾਇਤਾ ਦੇਣ ਵਾਲਿਆਂ ਦਾ ਅਤੇ ਬਾਕੀ ਸ਼ਾਮਲ ਹੋਇਆਂ ਸੱਭ ਸੰਗਤਾਂ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਅਤੇ ਅਗਲੇ ਸਾਲ ਫਿਰ ਮਿਲਣ ਦਾ ਪੈਗਾਮ ਦਿਤਾ।

## ਏਅਰ ਇੰਡੀਆ ਦੇ ਜਹਾਜ਼ 'ਚ ਬੰਬ ਦੀ ਸੂਚਨਾ, ਯਾਤਰੀਆਂ 'ਚ ਮਚੀ ਤੜਥੱਲੀ, ਹਵਾਈ ਅੱਡੇ 'ਤੇ ਐਮਰਜੈਂਸੀ ਦਾ ਐਲਾਨ



ਮੁੰਬਈ ਤੋਂ ਆ ਰਹੇ ਏਅਰ ਇੰਡੀਆ ਦੇ ਜਹਾਜ਼ 'ਤੇ ਅੱਜ ਵੀਰਵਾਰ ਨੂੰ ਬੰਬ ਹੋਣ ਦੀ ਧਮਕੀ ਮਿਲੀ ਸੀ। ਇਸ ਤੋਂ ਬਾਅਦ ਤਿਰੂਵਨੰਤਪੁਰਮ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪੂਰੀ ਐਮਰਜੈਂਸੀ ਘੋਸ਼ਿਤ ਕਰ ਦਿੱਤੀ ਗਈ। ਹਵਾਈ ਅੱਡੇ ਨਾਲ ਜੁੜੇ ਸੂਤਰਾਂ ਮੁਤਾਬਕ ਜਹਾਜ਼ ਸਵੇਰੇ ਕਰੀਬ 8 ਵਜੇ ਹਵਾਈ ਅੱਡੇ 'ਤੇ ਉਤਰਿਆ। ਜਹਾਜ਼ 'ਚ 135 ਯਾਤਰੀ ਸਵਾਰ ਸਨ ਅਤੇ ਜਹਾਜ਼ ਨੂੰ ਆਈਸੋਲੇਸ਼ਨ ਬੇ 'ਤੇ ਲਿਜਾਇਆ ਗਿਆ। ਮਾਮਲੇ ਨਾਲ ਜੁੜੇ ਲੋਕਾਂ ਨੇ ਦੱਸਿਆ ਕਿ ਸਵੇਰੇ 8.44 ਵਜੇ ਯਾਤਰੀਆਂ ਨੂੰ ਜਹਾਜ਼ (ਏ.ਆਈ.657) ਤੋਂ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਜਿਵੇਂ ਹੀ ਜਹਾਜ਼ ਤਿਰੂਵਨੰਤਪੁਰਮ ਹਵਾਈ ਅੱਡੇ ਦੇ ਨੇੜੇ ਪਹੁੰਚਿਆ, ਪਾਇਲਟ ਨੇ ਬੰਬ ਦੀ ਧਮਕੀ ਬਾਰੇ ਜਾਣਕਾਰੀ ਦਿੱਤੀ। ਏਅਰਪੋਰਟ ਨੂੰ ਸਵੇਰੇ 7.30 ਵਜੇ ਮਾਮਲੇ ਦੀ ਜਾਣਕਾਰੀ ਦਿੱਤੀ ਗਈ। ਇਸ ਤੋਂ ਬਾਅਦ ਸਵੇਰੇ 7.36 ਵਜੇ ਹਵਾਈ ਅੱਡੇ 'ਤੇ ਪੂਰੀ ਐਮਰਜੈਂਸੀ ਘੋਸ਼ਿਤ ਕਰ ਦਿੱਤੀ ਗਈ। ਸੂਤਰਾਂ ਮੁਤਾਬਕ ਸਾਰੇ ਯਾਤਰੀ ਅਤੇ ਚਾਲਕ ਦਲ ਨੂੰ ਜਹਾਜ਼ 'ਚੋਂ ਬਾਹਰ ਕੱਢ ਲਿਆ ਗਿਆ ਹੈ ਅਤੇ ਸਾਰੇ ਸੁਰੱਖਿਅਤ ਹਨ। ਹਵਾਈ ਅੱਡੇ 'ਤੇ ਕੋਈ ਸੰਚਾਲਨ ਵਿਘਨ ਨਹੀਂ ਹੈ। ਅਜੇ ਤੱਕ ਜਾਣਕਾਰੀ ਨਹੀਂ ਮਿਲ ਸਕੀ ਹੈ ਕਿ ਧਮਕੀ ਕਿਸ ਨੇ ਅਤੇ ਕਿਵੇਂ ਦਿੱਤੀ? ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਸਾਇੰਸਦਾਨਾਂ ਦੀ ਸੰਸਥਾ ਵੱਲੋਂ ਮਹਿਲਾ ਡਾਕਟਰ ਦੇ ਬਲਾਤਕਾਰ ਅਤੇ ਕਤਲ 'ਤੇ ਗਹਿਰੇ ਦੁੱਖ ਅਤੇ ਗੁੱਸੇ ਦਾ ਇਜ਼ਹਾਰ



ਬਰੈਂਪਟਨ (ਡਾ. ਬਲਜਿੰਦਰ ਸਿੰਘ ਸੇਖੋਂ): ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਸਾਇੰਸਦਾਨਾਂ ਦੀ ਸੰਸਥਾ ਉਤਰੀ ਅਮਰੀਕਾ ਅਲੂਮਨਾਈ ਐਸੋਸੀਏਸ਼ਨ ਦੇ ਪ੍ਰਧਾਨ ਕੁਲਦੀਪ ਸਿੰਘ ਚਹਿਲ ਅਤੇ ਉਪ ਪ੍ਰਧਾਨ ਡਾ ਜਸਵੰਤ ਸਿੰਘ ਕੰਬੋਜ ਵੱਲੋਂ ਭੇਜੇ ਪ੍ਰੈਸ ਨੋਟ ਵਿੱਚ ਲਿਖਿਆ ਗਿਆ ਹੈ ਕਿ ਸੰਸਥਾ ਦੀ ਕਾਰਜਕਰਨੀ ਆਪਣੇ 500 ਤੋਂ ਵੱਧ ਮੈਂਬਰਾਂ ਵੱਲੋਂ , ਕੋਲਕਤਾ, ਭਾਰਤ ਵਿੱਚ ਆਰ ਜੀ ਕਾਰ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਇੱਕ ਆਨ ਡਿਊਟੀ ਇੰਟਰਨੀ ਮਹਿਲਾ ਡਾਕਟਰ ਦੇ ਬਲਾਤਕਾਰ ਤੇ ਕਤਲ 'ਤੇ ਗਹਿਰੇ ਦੁੱਖ ਅਤੇ ਗੁੱਸੇ ਦਾ ਇਜ਼ਹਾਰ ਕਰਦੀ ਹੈ। ਮਰੀਜ਼ਾਂ ਦਾ ਇਲਾਜ ਕਰਨ ਵਾਲੀ ਅਤੇ ਲੋਕਾਂ ਦੀਆਂ ਜ਼ਿੰਦਗੀਆਂ ਬਚਾਉਣ ਵਾਲੀ ਇੱਕ ਹੋਣਹਾਰ ਔਰਤ ਦੀ ਖ਼ੁਦ ਦੀ ਜ਼ਿੰਦਗੀ ਜਦੋਂ ਕਿ ਓਹ ਲਗਾਤਾਰ 36 ਘੰਟੇ ਦੀ ਡਿਊਟੀ ਤੋਂ ਬਾਅਦ ਸੌਂ ਰਹੀ ਸੀ, ਇੱਕ ਗੁੰਡਾ ਗ੍ਰੋਹ ਦੁਆਰਾ ਖਤਮ ਕਰ ਦਿੱਤੀ ਗਈ। ਸੰਸਥਾ ਦੇ ਮੈਂਬਰਾਂ ਨੂੰ ਆਪਣੇ ਪਿਆਰੇ ਭਾਰਤ ਵਿਚ ਹੋ ਰਹੀਆਂ ਇਸ ਤਰ੍ਹਾਂ ਦੀਆਂ ਘਿਨਾਉਣੀਆਂ ਸ਼ਰਮਨਾਕ ਘਟਨਾਵਾਂ ਬਾਰੇ ਕਨੇਡਾ ਵਿੱਚ ਵਸਦੀਆਂ 150 ਕੌਮੀਅਤਾਂ ਦੇ ਲੋਕਾਂ ਨੂੰ ਦੱਸਣਾ ਬੜਾ ਮੁਸ਼ਕਿਲ ਲੱਗ ਰਿਹਾ ਹੈ।

ਇਹ ਐਸੋਸੀਏਸ਼ਨ ਕੋਈ ਸਾਧਾਰਨ ਸਮਾਜਕ ਸਮੂਹ ਨਹੀਂ ਹੈ, ਇਸ ਵਿੱਚ ਸਾਰੇ ਉੱਚ ਪੇਸ਼ੇਵਰ ਅਹੁਦਿਆਂ ਅਤੇ ਸਫਲ ਕਾਰੋਬਾਰਾਂ ਵਿੱਚ ਸੇਵਾ ਕਰਦੇ ਹੋਏ ਉੱਚ ਸਿੱਖਿਆ ਪ੍ਰਾਪਤ ਪ੍ਰੋਫੈਸਰ, ਸਾਇੰਸਦਾਨ ਮੈਂਬਰ ਹਨ। ਮੈਂਬਰਾਂ ਦਾ ਮੰਨਣਾ ਹੈ ਕਿ ਭਾਰਤ ਵਿੱਚ ਔਰਤਾਂ, ਘੱਟ ਗਿਣਤੀਆਂ ਅਤੇ ਪ੍ਰਵਾਸੀ ਭਾਰਤੀਆਂ ਲਈ ਦਿਨ-ਬ-ਦਿਨ ਵਾਤਾਵਰਣ ਅਸੁਰੱਖਿਅਤ ਹੋ ਰਿਹਾ ਹੈ, ਜਿਸ ਕਾਰਨ ਸਾਨੂੰ ਅਤੇ ਸਾਡੇ ਬੱਚਿਆਂ ਲਈ ਸਾਡੇ ਪਿਆਰੇ ਦੇਸ਼ ਦਾ ਦੌਰਾ ਕਰਨਾ ਮੁਸ਼ਕਿਲ ਹੋ ਰਿਹਾ ਹੈ। ਮੈਂਬਰ ਡਿਊਟੀ 'ਤੇ ਮੌਜੂਦ ਡਾਕਟਰ ਦੇ ਅਣਮਨੁੱਖੀ ਅੱਤਿਆਚਾਰੀ ਕਤਲ ਦੀ ਸਖ਼ਤ ਨਿਖੇਧੀ ਕਰਦੇ ਹਨ। ਇਸ ਤਰ੍ਹਾਂ ਦੀਆਂ ਵਾਰਦਾਤਾਂ ਨਾਲ ਕਾਨੂੰਨ ਵਿਵਸਥਾ ਵਿਗੜ ਰਹੀ ਹੈ ਜਿਸ ਵਿੱਚ ਸਿਆਸਤਦਾਨਾਂ ਵੱਲੋਂ ਪੈਦਾ ਕੀਤੇ ਗਏ ਨਫ਼ਰਤ ਭਰੇ ਮਾਹੌਲ ਦੀ ਭੂਮਿਕਾ ਵੀ ਦੇਖੀ ਜਾ ਸਕਦੀ ਹੈ। ਮੈਂਬਰ ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਨਿਮਰਤਾ ਨਾਲ ਬੇਨਤੀ ਕਰਦੇ ਹਨ ਕਿ ਉਹ ਸਿਆਸੀ ਲਾਭ ਦੀ ਭਾਲ ਕੀਤੇ ਬਿਨਾਂ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਕਰਨ, ਅਤੇ ਦੋਸ਼ੀਆਂ ਨੂੰ ਬਣਦੀਆਂ ਸਜ਼ਾਵਾਂ ਦੁਆਉਣ। ਸੰਸਥਾ ਵੱਲੋਂ ਮਰਹੂਮ ਡਾਕਟਰ ਦੇ ਪਰਿਵਾਰ ਨਾਲ ਦਿਲੀ ਹਮਦਰਦੀ ਦਾ ਇਜ਼ਹਾਰ ਕੀਤਾ ਗਿਆ ਹੈ। ਹੋਰ ਜਾਣਕਾਰੀ ਲਈ ਉਪ ਪ੍ਰਧਾਨ ਡਾ ਜਸਵੰਤ ਸਿੰਘ ਕੰਬੋਜ (416 567 4416) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਲਕਸ਼ਪ੍ਰੀਤ ਕੌਰ ਸਿੱਧੂ ਨਜ਼ਰ ਆਏਗੀ ਗੀਤ ਵਿੱਚ




ਟੋਰਾਂਟੋ (ਹਰਜੀਤ ਸਿੰਘ ਬਾਜਵਾ) : ਸਟੂਡੈਂਟ ਵੀਜ਼ੇ 'ਤੇ ਇੱਥੇ ਪੜ੍ਹਨ ਲਈ ਆਈ ਲਕਸ਼ਪ੍ਰੀਤ ਕੌਰ ਸਿੱਧੂ ਜਿੱਥੇ ਆਪਣੀ ਜ਼ਿੰਦਗੀ ਸੰਵਾਰਨ ਲਈ ਕਨੇਡਾ ਵਿੱਚ ਸੰਘਰਸ਼ ਕਰ ਰਹੀ ਹੈ ਉੱਥੇ ਹੀ ਆਪਣਾ ਗਾਇਕੀ ਅਤੇ ਲੇਖਣੀ ਦਾ ਸ਼ੌਂਕ ਵੀ ਪੂਰਾ ਰਹੀ ਹੈ,ਬੀਤੇ ਦਿਨੀ ਲਕਸ਼ਪ੍ਰੀਤ ਸਿੱਧੂ ਦਾ ਆਪਣਾਂ ਹੀ ਲਿਖਿਆ ਗੀਤ 'ਅੱਤ ਅੱਤ ਅੱਤ' ਜਿਸਦਾ ਸੰਗੀਤ ਰੋਮੀ ਸਿੰਘ ਨੇ ਤਿਆਰ ਕੀਤਾ ਹੈ ਅਤੇ ਸੰਗੀਤਕ ਧੁੰਨ ਪ੍ਰਸਿੱਧ ਸੰਗੀਤਕਾਰ ਉਸਤਾਦ ਰਾਜਿੰਦਰ ਸਿੰਘ ਰਾਜ ਨੇ ਬਣਾਈ ਹੈ ,ਪਤਵੰਤਿਆਂ ਦੀ ਹਾਜ਼ਰੀ ਵਿੱਚ ਲੋਕ ਅਰਪਣ ਕੀਤਾ ਗਿਆ ਇਸ ਮੌਕੇ ਨਵਜੋਤ ਕੌਰ, ਕਿਰਨਵੀਰ ਕੌਰ ਵਿਰਕ,ਅਮਰਜੀਤ ਕੌਰ ਰਾਜ,ਰਾਜਿੰਦਰ ਸਿੰਘ ਰਾਜ,ਵਿਨੋਦ ਹਰਪਾਲਪੁਰੀ ਆਦਿ ਵੀ ਮੌਜੂਦ ਸਨ।

## ਤਰਕਸ਼ੀਲ ਸੋਸਾਇਟੀ ਵੱਲੋਂ ਡਾ.ਸੁਰਿੰਦਰ ਧੰਜਲ ਅਤੇ ਡਾ.ਰਾਜੇਸ਼ ਗੌਤਮ ਨਾਲ ਰੂ-ਬ-ਰੂ ਅਤੇ ਸਨਮਾਨ ਸਮਾਗਮ

ਬਰੈਂਪਟਨ (ਡਾ.ਬਲਜਿੰਦਰ ਸਿੰਘ ਸੇਖੋਂ): ਤਰਕਸ਼ੀਲ ਸੁਸਾਇਟੀ ਕਨੇਡਾ ਦੀ ਓਨਟਾਰੀਓ ਇਕਾਈ ਵੱਲੋਂ ਕਨੇਡੀਅਨ ਪੰਜਾਬੀ ਸਹਿਤ ਸਭਾ ਦੇ ਸਹਿਯੋਗ ਨਾਲ, ਐਤਵਾਰ, 25 ਅਗਸਤ ਨੂੰ 2250 ਬੋਵੇਰਡ ਡਰਾਇਵ ਈਸਟ ਦੀ ਪਾਰਕਿੰਗ P1 ਦੇ ਸੈਮੀਨਾਰ ਹਾਲ ਵਿੱਚ ਦੁਪਿਹਰ 1:00 ਵਜੇ ਤੋਂ 4:00 ਵੱਜੇ ਤੱਕ ਡਾ.ਸੁਰਿੰਦਰ ਧੰਜਲ ਅਤੇ ਡਾ.ਰਾਜੇਸ਼ ਗੌਤਮ ਨਾਲ ਰੂ-ਬ-ਰੂ ਕਰਨ ਉਪਰੰਤ ਉਨ੍ਹਾਂ ਦਾ ਸਨਮਾਨ ਸਮਾਗਮ ਕੀਤਾ ਜਾ ਰਿਹਾ ਹੈ। ਡਾ.ਧੰਜਲ ਇਲੈਕਟਰਿਕ ਇੰਜਨੀਅਰ ਹੋਣ ਦੇ ਨਾਲ ਨਾਲ ਇੱਕ ਲੇਖਕ ਤੇ ਪਤਰਕਾਰ ਵੀ ਹਨ। ਉਨ੍ਹਾਂ ਦੀਆਂ 10 ਪੁਸਤਕਾਂ ਛੱਪ ਚੁੱਕੀਆਂ ਹਨ। ਉਹ ਪਾਸ਼ ਕੌਮਾਂਤਰੀ ਯਾਦਗਾਰੀ ਕੌਮਾਂਤਰੀ ਟਰੱਸਟ ਦੇ ਮੋਢੀ ਕਨਵੀਨਰ ਹਨ। ਡਾ ਗੌਤਮ ਮੱਧ ਪ੍ਰਦੇਸ਼ ਦੀ ਸੈਂਟਰਲ ਯੂਨੀਵਰਸਿਟੀ ਦੇ ਐਂਥਰੋਪੋਲੋਜੀ ਵਿਭਾਗ ਦੇ ਮੁਖੀ ਰਹਿ ਚੁੱਕੇ ਹਨ, ਉੱਚ ਪਾਏ ਦੇ ਖੋਜ ਪੱਤਰ ਲਿਖ ਚੁੱਕੇ ਹਨ ਅਤੇ ਅਮਰੀਕਾ ਦੀ ਮੌਟਕਲੇਅਰ ਯੂਨੀਵਰਸਿਟ ਨਿਊ ਜਰਸੀ ਵਿੱਚ ਵਿਜਿਟਿੰਗ ਪ੍ਰੋਫੈਸਰ ਵੀ ਰਹਿ ਚੁੱਕੇ ਹਨ। ਉਹ ਲੰਮੇ ਸਮੇ ਤੋਂ ਭਾਰਤ ਦੀ ਤਰਕਸ਼ੀਲ ਲਹਿਰ ਨਾਲ ਜੁੜੇ ਹੋਏ ਹਨ। ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਸਭ ਨੂੰ ਹਾਰਦਿੱਕ ਸੱਦਾ ਦਿੱਤਾ ਜਾਂਦਾ ਹੈ। ਹੋਰ ਜਾਣਕਾਰੀ ਲਈ ਬਲਦੇਵ ਰਹਿਪਾ (416-881-7202), ਇਕਾਈ ਦੇ ਸਕੱਤਰ ਅਮਰਦੀਪ (647-782-8334) ਜਾਂ ਮਲੂਕ ਸਿੰਘ ਕਾਹਲੋਂ (905-487-1216) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

GTA Plumbing & Electrical Supplies
GTA Plumbling & Electrical Supplies



ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ




ਨਸ਼ਾ ਛੁਡਾਓ
ਸ਼ਰਾਬ, ਅਫ਼ੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗ਼ੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ



ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ੁਫਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜ੍ਹੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

ASK Mortgage Ltd.
Business Loan
Credit Line
Truck/Taxi Loan
New Immigrant Package
416-366-1234



Jaswinder Khosa
416-894-9400
1332 Khalsa Drive Unit 12

ਪੰਜਾਬ ਸਟਾਰ
www.punjabstar.com

# Weight Loss ਤੋਂ ਲੈ ਕੇ ਦਿਲ ਦੀਆਂ ਬਿਮਾਰੀਆਂ ਤੋਂ ਬਚਾਅ ਤੱਕ, ਰੋਜ਼ਾਨਾ ਪੌੜੀਆਂ ਚੜ੍ਹਨ ਦੇ ਹੋਰ ਵੀ ਕਈ ਫ਼ਾਇਦੇ



ਅੱਜਕੱਲ੍ਹ ਅਸੀਂ ਪੌੜੀਆਂ (stairs) ਦੀ ਘੱਟ ਵਰਤੋਂ ਕਰਦੇ ਹਾਂ ਅਤੇ ਲਿਫਟਾਂ ਜਾਂ Escalators ਦੀ ਜ਼ਿਆਦਾ ਵਰਤੋਂ ਕਰਦੇ ਹਾਂ। ਦਰਅਸਲ, ਇਹ ਸਾਡੀ ਸਹੂਲਤ ਲਈ ਬਣਾਏ ਗਏ ਹਨ, ਪਰ ਅਸੀਂ ਇਨ੍ਹਾਂ 'ਤੇ ਇੰਨੇ ਨਿਰਭਰ ਹੋ ਗਏ ਹਾਂ ਕਿ ਹੁਣ ਇਹ ਸਾਡੀ ਸਿਹਤ ਦੇ ਦੁਸ਼ਮਣ ਬਣ ਗਏ ਹਨ। ਤੁਸੀਂ ਸ਼ਾਇਦ ਸੋਚ ਰਹੇ ਹੋਵੋਗੇ ਕਿ ਇਹ ਕਿਵੇਂ ਹੋ ਸਕਦਾ ਹੈ। ਤੁਹਾਨੂੰ ਦੱਸ ਦੇਈਏ ਕਿ ਇਨ੍ਹਾਂ ਕਾਰਨ ਪੌੜੀਆਂ ਦੀ ਵਰਤੋਂ ਲਗਭਗ ਨਾਂਹ ਦੇ ਬਰਾਬਰ ਹੋ ਗਈ ਹੈ। ਉੱਥੇ ਹੀ ਪੌੜੀਆਂ ਚੜ੍ਹਨ ਦੇ ਇੰਨੇ ਫ਼ਾਇਦੇ ਹਨ ਕਿ ਤੁਸੀਂ ਜਾਣ ਕੇ ਹੈਰਾਨ ਰਹਿ ਜਾਓਗੇ। ਇਸ ਲਈ, ਤੁਹਾਨੂੰ ਹਰ ਰੋਜ਼ ਪੌੜੀਆਂ ਦੀਆਂ ਘੱਟੋ-ਘੱਟ ਦੋ ਜਾਂ ਤਿੰਨ ਮੰਜ਼ਿਲਾਂ 'ਤੇ ਚੜ੍ਹਨਾ ਅਤੇ ਉਤਰਨਾ ਚਾਹੀਦਾ ਹੈ। ਆਓ ਜਾਣਦੇ ਹਾਂ ਪੌੜੀਆਂ ਚੜ੍ਹਨ ਨਾਲ ਤੁਹਾਡੀ ਸਿਹਤ ਨੂੰ ਕੀ ਲਾਭ ਹੋ ਸਕਦਾ ਹੈ।

ਪੌੜੀਆਂ ਚੜ੍ਹਨ ਵੇਲੇ ਸਾਡੀਆਂ ਲੱਤਾਂ ਤੇ ਪੱਟਾਂ ਦੀਆਂ ਮਾਸਪੇਸ਼ੀਆਂ ਐਕਟਿਵ ਰਹਿੰਦੀਆਂ ਹਨ। ਇਸ ਨਾਲ ਉਨ੍ਹਾਂ ਨੂੰ ਮਜ਼ਬੂਤੀ ਮਿਲਦੀ ਹੈ ਤੇ ਸੰਤੁਲਨ ਵੀ ਵਧਦਾ ਹੈ। ਇਸ ਨਾਲ ਸਰੀਰ ਦੇ ਹੇਠਲੇ ਹਿੱਸੇ ਨੂੰ ਮਜ਼ਬੂਤੀ ਮਿਲਦੀ ਹੈ। ਇਸ ਤੋਂ ਇਲਾਵਾ ਇਹ ਗੋਡਿਆਂ ਦੇ ਦਰਦ ਨੂੰ ਘੱਟ ਕਰਨ 'ਚ ਵੀ ਕਾਫੀ ਮਦਦ ਕਰਦਾ ਹੈ। ਇਸ ਲਈ ਰੋਜ਼ਾਨਾ ਪੌੜੀਆਂ ਚੜ੍ਹਨਾ ਲੱਤਾਂ ਲਈ ਬਹੁਤ ਵਧੀਆ ਕਸਰਤ ਹੈ।

ਪੌੜੀਆਂ ਚੜ੍ਹਨਾ ਵੀ ਦਿਲ ਲਈ ਬਹੁਤ ਫ਼ਾਇਦੇਮੰਦ ਹੁੰਦਾ ਹੈ। ਦਰਅਸਲ, ਪੌੜੀਆਂ ਚੜ੍ਹਨ ਨਾਲ ਖਰਾਬ ਕੋਲੈਸਟ੍ਰੋਲ ਘੱਟ ਹੁੰਦਾ ਹੈ ਅਤੇ ਚੰਗੇ ਕੋਲੈਸਟ੍ਰੋਲ ਵਧਦਾ ਹੈ। ਇਸ ਨਾਲ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਘੱਟ ਹੋ ਜਾਂਦਾ ਹੈ। ਇਸ ਤੋਂ ਇਲਾਵਾ ਪੌੜੀਆਂ ਚੜ੍ਹਨ ਨਾਲ ਬਲੱਡ ਪ੍ਰੈਸ਼ਰ ਵੀ ਕੰਟਰੋਲ 'ਚ ਰਹਿੰਦਾ ਹੈ ਜੋ ਦਿਲ ਲਈ ਫ਼ਾਇਦੇਮੰਦ ਹੁੰਦਾ ਹੈ। ਪੌੜੀਆਂ ਚੜ੍ਹਨ ਵੇਲੇ ਅਕਸਰ ਲੋਕਾਂ ਦਾ ਸਾਹ ਬੰਦ ਹੋ ਜਾਂਦਾ ਹੈ। ਅਜਿਹਾ ਫੇਫੜਿਆਂ ਦੇ ਕਮਜ਼ੋਰ ਹੋਣ ਕਾਰਨ ਹੁੰਦਾ ਹੈ। ਰੋਜ਼ਾਨਾ ਪੌੜੀਆਂ ਚੜ੍ਹਨ ਨਾਲ ਫੇਫੜਿਆਂ ਨੂੰ ਮਜ਼ਬੂਤੀ ਮਿਲਦੀ ਹੈ ਅਤੇ ਉਨ੍ਹਾਂ ਦੀ ਕੰਮ ਕਰਨ ਦੀ ਸਮਰੱਥਾ ਵੀ ਵਧਦੀ ਹੈ। ਇਸ ਲਈ ਪੌੜੀਆਂ ਚੜ੍ਹਨਾ ਫੇਫੜਿਆਂ ਲਈ ਬਿਹਤਰ ਕਸਰਤ ਹੈ।

ਪੌੜੀਆਂ ਚੜ੍ਹਨਾ ਇੱਕ ਤਰ੍ਹਾਂ ਦੀ ਕਸਰਤ ਹੈ। ਇਸ ਲਈ, ਅਜਿਹਾ ਕਰਦੇ ਸਮੇਂ, ਦਿਮਾਗ ਨੂੰ ਚੰਗੇ ਹਾਰਮੋਨ ਦੀ ਕਿਰਿਆ ਮਹਿਸੂਸ ਹੁੰਦੀ ਹੈ। ਇਸ ਨਾਲ ਮੂਡ ਠੀਕ ਹੁੰਦਾ ਹੈ ਅਤੇ ਤਣਾਅ ਵੀ ਘੱਟ ਹੁੰਦਾ ਹੈ। ਪੌੜੀਆਂ ਚੜ੍ਹਦੇ ਸਮੇਂ ਕੈਲੋਰੀ ਬਰਨ ਹੁੰਦੀ ਹੈ, ਜਿਸ ਕਾਰਨ ਸਰੀਰ ਵਿਚ ਵਾਧੂ ਚਰਬੀ ਜਮ੍ਹਾ ਨਹੀਂ ਹੁੰਦੀ ਅਤੇ ਭਾਰ ਘਟਾਉਣ ਵਿਚ ਬਹੁਤ ਮਦਦ ਮਿਲਦੀ ਹੈ। ਇਸ ਲਈ ਜੇ ਤੁਸੀਂ ਭਾਰ ਘਟਾਉਣਾ ਚਾਹੁੰਦੇ ਹੋ ਤਾਂ ਰੋਜ਼ਾਨਾ ਪੌੜੀਆਂ ਚੜ੍ਹਨਾ ਬਹੁਤ ਫ਼ਾਇਦੇਮੰਦ ਸਾਬਤ ਹੋ ਸਕਦਾ ਹੈ।

ਵੱਧਦੀ ਉਮਰ ਦੇ ਨਾਲ ਸੰਤੁਲਨ ਬਣਾਉਣ ਵਿੱਚ ਦਿੱਕਤ ਸ਼ੁਰੂ ਹੋ ਜਾਂਦੀ ਹੈ ਪਰ ਜੇ ਤੁਸੀਂ ਹੁਣ ਤੋਂ ਹੀ ਪੌੜੀਆਂ ਚੜ੍ਹਨ ਦੀ ਆਦਤ ਬਣਾ ਲਓ ਤਾਂ ਬੁਢਾਪੇ ਵਿੱਚ ਇਸ ਸਮੱਸਿਆ ਤੋਂ ਬਚ ਸਕਦੇ ਹੋ। ਦਰਅਸਲ, ਪੌੜੀਆਂ ਚੜ੍ਹਦੇ ਸਮੇਂ ਮਾਸਪੇਸ਼ੀਆਂ ਅਤੇ ਦਿਮਾਗ ਦਾ ਤਾਲਮੇਲ ਬਹੁਤ ਵਧੀਆ ਹੁੰਦਾ ਹੈ। ਇਸ ਕਾਰਨ ਇਹ ਬਿਹਤਰ ਸੰਤੁਲਨ ਬਣਾਉਣ ਵਿੱਚ ਮਦਦ ਕਰਦਾ ਹੈ।

# ਪੋਸ਼ਣ ਦੀ ਕਮੀ ਹੋ ਸਕਦੀ ਹੈ Hair Fall ਦੀ ਵਜ੍ਹਾ, ਵਾਲਾਂ ਦੀ ਮਜ਼ਬੂਤੀ ਲਈ ਡਾਇਟ 'ਚ ਸ਼ਾਮਲ ਕਰੋ ਕੁਝ ਖਾਸ ਬੀਜ

ਵਾਲ ਸਾਡੀ ਸੁੰਦਰਤਾ ਨੂੰ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਪਰ ਅੱਜ ਦੇ ਮੌਸਮ ਅਤੇ ਪ੍ਰਦੂਸ਼ਣ ਦੇ ਕਾਰਨ ਵਾਲਾਂ ਦਾ ਝੜਨਾ (hair fall) ਇੱਕ ਅਜਿਹੀ ਸਮੱਸਿਆ ਬਣ ਗਿਆ ਹੈ ਜਿਸ ਨਾਲ ਨਾ ਸਿਰਫ ਅਸੀਂ ਬਲਕਿ ਸਾਡੇ ਆਲੇ ਦੁਆਲੇ ਦੇ ਹੋਰ ਲੋਕ ਵੀ ਚਿੰਤਤ ਹਨ। ਇਸ ਲਈ ਅਸੀਂ ਇਸ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਕਈ ਚੀਜ਼ਾਂ ਦੀ ਕੋਸ਼ਿਸ਼ ਕਰਦੇ ਹਾਂ ਪਰ ਇਸ ਗੱਲ ਦੀ ਕੋਈ ਗਾਰੰਟੀ ਨਹੀਂ ਹੈ ਕਿ ਇਹ ਕਾਰਗਰ ਸਾਬਤ ਹੋਣਗੀਆਂ।

ਇਸ ਲਈ ਤੁਹਾਡੇ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਵਾਲਾਂ ਦੇ ਝੜਨ ਦੀ ਸਮੱਸਿਆ ਨੂੰ ਰੋਕਣ ਲਈ ਵਾਲਾਂ ਨੂੰ ਅੰਦਰੋਂ ਪੋਸ਼ਣ ਦੇਣਾ ਜ਼ਰੂਰੀ ਹੈ। ਇਸ ਲੇਖ ਵਿਚ ਅਸੀਂ ਕੁਝ ਅਜਿਹੇ ਬੀਜਾਂ (Seeds to Stop Hair Fall) ਬਾਰੇ ਜਾਣਾਂਗੇ ਜੋ ਵਾਲਾਂ ਨੂੰ ਮਜ਼ਬੂਤ ਕਰਨ ਅਤੇ ਵਾਲਾਂ ਦੇ ਝੜਨ ਦੀ ਸਮੱਸਿਆ ਨੂੰ ਘੱਟ ਕਰਨ ਵਿਚ ਮਦਦ ਕਰਨਗੇ।

**ਕਲੌਂਜੀ ਬੀਜ** : ਕਲੌਂਜੀ ਦੇ ਬੀਜ ਵਾਲਾਂ ਲਈ ਬਹੁਤ ਫ਼ਾਇਦੇਮੰਦ ਹੁੰਦੇ ਹਨ। ਇਸ 'ਚ ਐਂਟੀ-ਆਕਸੀਡੈਂਟ ਅਤੇ ਐਂਟੀ-ਫੰਗਲ ਗੁਣ ਪਾਏ ਜਾਂਦੇ ਹਨ ਜੋ ਖੋਪੜੀ ਦੇ ਇਨਫੈਕਸ਼ਨ ਤੋਂ ਬਚਾਉਣ ਅਤੇ ਵਾਲਾਂ ਨੂੰ ਜੜ੍ਹਾਂ ਤੋਂ ਮਜ਼ਬੂਤ ਕਰਨ 'ਚ ਮਦਦ ਕਰਦੇ ਹਨ। ਇਸ ਲਈ ਇਸ ਨੂੰ ਖਾਣ ਨਾਲ ਵਾਲਾਂ ਦਾ ਝੜਨਾ ਘੱਟ ਹੁੰਦਾ ਹੈ ਅਤੇ ਨਵੇਂ ਵਾਲ ਉਗਾਉਣ 'ਚ ਵੀ ਮਦਦ ਮਿਲਦੀ ਹੈ।

**ਮੇਥੀ** : ਮੇਥੀ ਦੇ ਬੀਜ ਵਾਲਾਂ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦੇ ਹਨ। ਇਹ ਵਾਲਾਂ ਨੂੰ ਪੋਸ਼ਣ ਦਿੰਦੇ ਹਨ, ਜਿਸ ਨਾਲ ਵਾਲਾਂ ਦੀਆਂ ਜੜ੍ਹਾਂ ਮਜ਼ਬੂਤ ਹੁੰਦੀਆਂ ਹਨ। ਇਸ ਤੋਂ ਇਲਾਵਾ ਇਹ ਡੈਂਡਰਫ ਦੀ ਸਮੱਸਿਆ ਨੂੰ ਵੀ ਘੱਟ ਕਰਦਾ ਹੈ। ਤੁਹਾਨੂੰ ਦੱਸ ਦੇਈਏ ਕਿ ਵਾਲ ਝੜਨ ਦਾ ਕਾਰਨ ਡੈਂਡਰਫ ਵੀ ਹੋ ਸਕਦਾ ਹੈ। ਇਸ ਲਈ ਮੇਥੀ ਵਾਲਾਂ ਦੇ ਝੜਨ ਦੀ ਸਮੱਸਿਆ ਨੂੰ ਦੂਰ ਕਰਨ ਵਿੱਚ ਮਦਦਗਾਰ ਹੈ।

**ਕੱਦੂ ਦੇ ਬੀਜ** : ਕੱਦੂ ਦੇ ਬੀਜਾਂ ਵਿੱਚ ਜ਼ਿੰਕ, ਵਿਟਾਮਿਨ ਏ, ਕਾਪਰ ਤੇ ਸੇਲੇਨੀਅਮ ਪਾਇਆ ਜਾਂਦਾ ਹੈ। ਇਹ ਸਾਰੇ ਪੋਸ਼ਕ ਤੱਤ ਵਾਲਾਂ ਨੂੰ ਸੰਘਣੇ ਅਤੇ ਮਜ਼ਬੂਤ ਬਣਾਉਣ ਲਈ ਜ਼ਰੂਰੀ ਹਨ। ਇਸ ਲਈ ਡਾਈਟ 'ਚ ਕੱਦੂ ਦੇ ਬੀਜ ਸ਼ਾਮਲ ਕਰਨ ਨਾਲ ਵਾਲ ਝੜਨ ਦੀ ਸਮੱਸਿਆ ਦੂਰ ਹੁੰਦੀ ਹੈ।

**ਅਲਸੀ ਬੀਜ** : ਅਲਸੀ ਦੇ ਬੀਜ ਓਮੇਗਾ-3 ਫੈਟੀ ਐਸਿਡ ਅਤੇ ਪ੍ਰੋਟੀਨ ਦਾ ਵਧੀਆ ਸਰੋਤ ਹਨ। ਇਹ ਦੋਵੇਂ ਪੋਸ਼ਕ ਤੱਤ ਵਾਲਾਂ ਨੂੰ ਮਜ਼ਬੂਤ ਬਣਾਉਣ ਵਿੱਚ ਮਦਦ ਕਰਦੇ ਹਨ। ਵਾਲਾਂ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਪ੍ਰੋਟੀਨ ਇਨ੍ਹਾਂ ਨੂੰ ਚਮਕਦਾਰ ਬਣਾਉਣ 'ਚ ਵੀ ਮਦਦ ਕਰਦਾ ਹੈ। ਇਸ ਲਈ ਫਲੈਕਸ ਦੇ ਬੀਜਾਂ ਨੂੰ ਖੁਰਾਕ ਦਾ ਹਿੱਸਾ ਬਣਾਉਣਾ ਵਾਲਾਂ ਲਈ ਬਹੁਤ ਫ਼ਾਇਦੇਮੰਦ ਹੋ ਸਕਦਾ ਹੈ।

# ਬਗ਼ੈਰ ਦਵਾਈ ਦੇ ਘਟੇਗਾ ਬੈਡ ਕੋਲਸੈਟ੍ਰੋਲ ਲੈਵਲ

## ਆਯੁਰਵੈਦਿਕ ਨੁਸਖੇ





ਸਰੀਰ 'ਚ ਕੋਲੈਸਟ੍ਰੋਲ ਦੀ ਜ਼ਿਆਦਾ ਮਾਤਰਾ ਸਾਹ ਲੈਣ 'ਚ ਤਕਲੀਫ਼, ਚੱਕਰ ਆਉਣ ਤੇ ਥਕਾਵਟ ਮਹਿਸੂਸ ਕਰਨ ਵਰਗੀਆਂ ਸਮੱਸਿਆਵਾਂ ਪੈਦਾ ਕਰ ਸਕਦੀ ਹੈ। ਜ਼ਿਆਦਾ ਕੋਲੈਸਟ੍ਰੋਲ ਦਿਲ 'ਤੇ ਵੀ ਅਸਰ ਪਾਉਂਦਾ ਹੈ, ਜਿਸ ਨਾਲ ਦਿਲ ਦੀਆਂ ਬਿਮਾਰੀਆਂ ਨਾਲ ਜੁੜੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

ਕੋਲੈਸਟ੍ਰੋਲ ਹਾਰਮੋਨਸ ਤੇ ਸੈੱਲ ਝਿੱਲੀ ਦੇ ਗਠਨ, ਹਾਈ ਮੈਟਾਬੋਲਿਜ਼ਮ ਤੇ ਸਰੀਰ 'ਚ ਕੁਝ ਐਸਿਡ ਦੇ ਉਤਪਾਦਨ ਲਈ ਜ਼ਰੂਰੀ ਹੈ ਪਰ ਇਸ ਦੀ ਜ਼ਿਆਦਾ ਮਾਤਰਾ ਸਮੱਸਿਆਵਾਂ ਪੈਦਾ ਕਰ ਸਕਦੀ ਹੈ। ਇੱਥੇ ਅਸੀਂ ਤੁਹਾਨੂੰ ਕੁਝ ਅਜਿਹੇ ਤਰੀਕੇ ਦੱਸਣ ਜਾ ਰਹੇ ਹਾਂ ਜਿਸ ਨਾਲ ਤੁਸੀਂ ਬਿਨਾਂ ਕਿਸੇ ਦਵਾਈ ਦੇ ਵੀ ਕੋਲੈਸਟ੍ਰੋਲ ਨੂੰ ਕੰਟਰੋਲ ਕਰ ਸਕਦੇ ਹੋ।

### ਹਾਈ ਕੋਲੈਸਟ੍ਰੋਲ ਨੂੰ ਕਿਵੇਂ ਕਰੀਏ ਕੰਟਰੋਲ ?

ਕੋਲੈਸਟ੍ਰੋਲ ਘਟਾਉਣ ਲਈ ਕੁਝ ਘਰੇਲੂ ਤੇ ਆਯੁਰਵੈਦਿਕ ਉਪਾਅ ਹਨ, ਜਿਨ੍ਹਾਂ ਨੂੰ ਅਪਣਾ ਕੇ ਤੁਸੀਂ ਆਸਾਨੀ ਨਾਲ ਕੋਲੈਸਟ੍ਰੋਲ ਨੂੰ ਕੰਟਰੋਲ 'ਚ ਰੱਖ ਸਕਦੇ ਹੋ।

### ਦਾਲਚੀਨੀ

ਹਾਈ ਕੋਲੈਸਟ੍ਰੋਲ ਘਟਾਉਣ ਲਈ ਦਾਲਚੀਨੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਦਾਲਚੀਨੀ ਨੂੰ ਪੀਸ ਕੇ ਰੋਜ਼ ਸਵੇਰੇ ਇਕ ਚੁਟਕੀ ਖਾਣ ਨਾਲ ਤੁਹਾਨੂੰ ਕੁਝ ਹੀ ਦਿਨਾਂ 'ਚ ਫਾਇਦੇ ਦੇਖਣ ਨੂੰ ਮਿਲਣਗੇ। ਹਾਲਾਂਕਿ ਇੱਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਦਾਲਚੀਨੀ ਗਰਮ ਮਸਾਲਿਆਂ 'ਚੋਂ ਇਕ ਹੈ, ਇਸ ਲਈ ਇਸ ਦੀ ਜ਼ਿਆਦਾ ਵਰਤੋਂ ਨੁਕਸਾਨ ਪਹੁੰਚਾ ਸਕਦੀ ਹੈ।

### ਫਲੈਕਸ ਬੀਜ

ਕੋਲੈਸਟ੍ਰੋਲ ਘਟਾਉਣ ਲਈ ਫਲੈਕਸ ਦੇ ਬੀਜ ਕਾਰਗਰ ਮੰਨੇ ਜਾਂਦੇ ਹਨ। ਇਨ੍ਹਾਂ ਬੀਜਾਂ ਦਾ ਪਾਊਡਰ ਬਣਾ ਲਓ ਤੇ ਰੋਜ਼ਾਨਾ ਇਕ ਚੱਮਚ ਕੋਸੇ ਪਾਣੀ ਨਾਲ ਪੀਓ। ਇਸ ਨਾਲ ਸਰੀਰ 'ਚ ਖਰਾਬ ਕੋਲੈਸਟ੍ਰਾਲ ਦੀ ਮਾਤਰਾ ਘੱਟ ਹੋਵੇਗੀ ਤੇ ਚੰਗਾ ਕੋਲੈਸਟ੍ਰਾਲ ਵਧੇਗਾ। ਚੰਗੀ ਗੱਲ ਇਹ ਹੈ ਕਿ ਇਸ ਦਾ ਕੋਈ ਸਾਈਡ ਇਫੈਕਟ ਨਹੀਂ ਹੁੰਦਾ, ਇਸ ਲਈ ਇਸ ਦੀ ਵਰਤੋਂ ਲੰਬੇ ਸਮੇਂ ਤੱਕ ਕੀਤੀ ਜਾ ਸਕਦੀ ਹੈ।

### ਮੇਥੀ ਦਾਣੇ

ਮੇਥੀ ਦਾਣੇ ਆਪਣੇ ਕਈ ਔਸ਼ਧੀ ਗੁਣਾਂ ਲਈ ਜਾਣੇ ਜਾਂਦੇ ਹਨ। ਇਸ ਦੀ ਵਰਤੋਂ ਕਈ ਬਿਮਾਰੀਆਂ 'ਚ ਕੀਤੀ ਜਾਂਦੀ ਹੈ। ਮੇਥੀ ਦਾਣੇ ਵਿਟਾਮਿਨ ਈ ਨਾਲ ਭਰਪੂਰ ਹੁੰਦੇ ਹਨ ਤੇ ਇਨ੍ਹਾਂ ਵਿੱਚ ਐਂਟੀ-ਡਾਇਬੀਟੀਜ਼, ਐਂਟੀਆਕਸੀਡੈਂਟ ਅਤੇ ਐਂਟੀ-ਇਨਫਲੇਮੇਟਰੀ ਗੁਣ ਹੁੰਦੇ ਹਨ। ਅਜਿਹੇ 'ਚ ਕੋਲੈਸਟ੍ਰਾਲ ਘਟਾਉਣ ਲਈ ਮੇਥੀ ਦੇ ਪਾਣੀ ਦਾ ਸੇਵਨ ਕੀਤਾ ਜਾ ਸਕਦਾ ਹੈ। ਮੇਥੀ ਦਾਣੇ ਭਾਰ ਘਟਾਉਣ 'ਚ ਵੀ ਮਦਦ ਕਰਦੇ ਹਨ।

**ਲਸਣ :-** ਲਸਣ ਦੀ ਰੋਜ਼ਾਨਾ ਵਰਤੋਂ ਕੋਲੈਸਟ੍ਰੋਲ ਦਾ ਪੱਧਰ ਘਟਾਉਣ 'ਚ ਕਾਰਗਰ ਮੰਨੀ ਜਾਂਦੀ ਹੈ। ਕੋਲੈਸਟ੍ਰੋਲ ਜਲਦੀ ਘਟਾਉਣ ਲਈ ਰੋਜ਼ਾਨਾ ਸਵੇਰੇ-ਸ਼ਾਮ ਲਸਣ ਦਾ ਸੇਵਨ ਕੀਤਾ ਜਾ ਸਕਦਾ ਹੈ।

**ਪਿਸਤਾ:-** ਪਿਸਤਾ ਮੋਨੋਅਨਸੈਚੁਰੇਟਿਡ ਫੈਟ ਨਾਲ ਭਰਪੂਰ ਹੁੰਦਾ ਹੈ। ਇਸ ਨਾਲ ਖਰਾਬ ਕੋਲੈਸਟ੍ਰੋਲ ਦਾ ਪੱਧਰ ਘੱਟ ਹੁੰਦਾ ਹੈ। ਪਿਸਤਾ ਖਾਣ ਕਰਨ ਨਾਲ ਸਰੀਰ 'ਚ ਬਲੱਡ ਸ਼ੂਗਰ ਲੈਵਲ ਵੀ ਕੰਟਰੋਲ 'ਚ ਰਹਿੰਦਾ ਹੈ।












ਪੰਜਾਬ ਸਟਾਰ
www.punjabstar.com

# ਵੀਰਾ ਆਵੀਂ ਵੇ ਭੈਣ ਦੇ ਵਿਹੜੇ, ਪੁੰਨਿਆ ਦਾ ਚੰਨ੍ਹ ਬਣ ਕੇ

ਭੈਣ ਭਰਾ ਦਾ ਰਿਸ਼ਤਾ ਬਹੁਤ ਹੀ ਗੂੜ੍ਹਾ ਅਤੇ ਦਿਲਾਂ ਦੀ ਸਾਂਝ ਵਾਲਾ ਹੈ। ਸਮੇਂ ਦੇ ਤੇਜ ਝੱਖੜਾਂ ਅਤੇ ਪਦਾਰਥਵਾਦ ਦੀਆਂ ਹਨ੍ਹੇਰੀਆਂ ਵਿੱਚ ਵੀ ਇਸ ਦੀਵੇ ਨੂੰ ਬਲਦੇ ਰਹਿਣ ਦਾ ਮਾਣ ਪ੍ਰਾਪਤ ਹੈ। ਵੈਸੇ ਤਾਂ ਭੈਣ ਅਤੇ ਭਰਾ ਦੋਵੇਂ ਇੱਕ ਦੂਜੇ ਪ੍ਰਤੀ ਖਿੱਚ ਰੱਖਦੇ ਹਨ, ਪਰ ਸਾਨੂੰ ਕਹਿਣ ਜਾਂ ਮੰਨਣ ਵਿੱਚ ਕੋਈ ਝਿਜਕ ਨਹੀਂ ਰੱਖਣੀ ਚਾਹੀਦੀ ਕਿ ਭੈਣ ਦਾ ਆਪਣੇ ਵੀਰ ਪ੍ਰਤੀ ਲਗਾਵ, ਮੋਹ, ਪਿਆਰ-ਖਿੱਚ ਵੀਰ ਦੀ ਖਿੱਚ ਨਾਲੋਂ ਵਧੇਰੇ ਤੀਬਰ ਹੈ। ਇਸ ਦਾ ਇੱਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਉਹ ਵੀਰੇ ਨੂੰ ਆਪਣੀ ਰਖਵਾਲੀ ਸਮਝਦੀ ਸੀ, ਸਮਝਦੀ ਹੈ ਅਤੇ ਸਮਝਦੀ ਰਹੇਗੀ। ਹਾਲਾਤ ਬਦਲ ਰਹੇ ਹਨ, ਸਮਾਜਿਕ ਤਬਦੀਲੀਆਂ ਆ ਰਹੀਆਂ ਹਨ, ਪਰ ਸਦੀਆਂ ਦੇ ਬਣੇ ਸੰਸਕਾਰ ਜਿਉਂ ਦੇ ਤਿਉਂ ਕਾਇਮ ਹਨ। ਭੈਣ ਦਾ ਆਪਣੇ ਵੀਰ ਪ੍ਰਤੀ ਡੁਲ੍ਹਦਾ ਪਿਆਰ ਸਾਡੇ ਲੋਕ ਸਾਹਿਤ ਨੇ ਵੀ ਅਤੇ ਸਾਡੇ ਸਾਹਿਤ ਨੇ ਵੀ ਸੰਭਾਲਿਆ ਹੋਇਆ ਹੈ। ਅੱਜ ਇਸ ਲੇਖ ਵਿੱਚ ਅਸੀਂ ਇਸ ਰਿਸ਼ਤੇ ਦੀਆਂ ਗਹਿਰਾਈਆਂ ਨੂੰ ਸਿਰਫ਼ ਲੋਕ-ਗੀਤਾਂ 'ਚੋਂ ਲੱਭਣ ਦਾ ਯਤਨ ਕਰਾਂਗੇ।

ਸਭ ਤੋਂ ਪਹਿਲਾਂ ਤਾਂ ਵੀਰੇ ਦੀ ਪ੍ਰਾਪਤੀ ਲਈ ਭੈਣ ਦੀ ਤਾਂਘ ਦੇਖਣਯੋਗ ਹੁੰਦੀ ਹੈ। ਵੀਰੇ ਤੋਂ ਬਿਨਾਂ ਉਸ ਨੂੰ ਆਪਣਾ ਆਪ ਅਧੂਰਾ ਜਾਪਦਾ ਹੈ। ਉਹ ਅਰਦਾਸਾਂ ਕਰਦੀ ਹੈ,

"ਇੱਕ ਵੀਰ ਦੇਈਂ ਵੇ ਰੱਬਾ,ਸਹੁੰ ਖਾਣ ਨੂੰ ਬੜਾ ਚਿੱਤ ਕਰਦਾ।"

"ਇੱਕ ਵੀਰ ਦੇਈਂ ਵੇ ਰੱਬਾ,ਮੇਰੇ ਸਾਰੀ ਵੇ ਉਮਰ ਦੇ ਪੇਕੇ।"

ਆਖਰ ਭੈਣ ਦੀਆਂ ਅਰਦਾਸਾਂ ਨੂੰ ਫ਼ਲ ਲੱਗਦਾ ਹੈ। ਭੈਣ ਦਾ ਚਾਅ ਸੰਭਾਲਿਆ ਨਹੀਂ ਜਾਂਦਾ। ਬਚਪਨ ਤੋਂ ਜਵਾਨੀ ਤੱਕ ਦੋਵੇਂ ਇਕੱਠੇ ਵੱਡੇ ਹੁੰਦੇ ਹਨ, ਖੇਡਦੇ ਹਨ, ਲੜਦੇ ਹਨ, ਹੱਸਦੇ ਹਨ, ਅਤੇ ਇੱਕ ਦੂਜੇ ਤੋਂ ਵਾਰੀ ਵਾਰੀ ਵੀ ਜਾਂਦੇ ਹਨ।

ਸਮਾਜ ਦੀ ਪਰੰਪਰਾ ਮੁਤਾਬਿਕ ਹਰ ਲੜਕੀ ਨੇ ਇੱਕ ਦਿਨ ਇੱਕ ਦਿਨ ਵਿਆਹੀ ਜਾਣਾ ਹੁੰਦਾ ਹੈ। ਭੈਣ ਦਾ ਵਿਆਹ ਹੋ ਜਾਂਦਾ ਹੈ ਅਤੇ ਹੱਸਦਾ ਖੇਲਦਾ ਮੇਲ ਅਤੇ ਆਨੰਦ ਵਾਲਾ ਸਮਾਂ ਵਿਛੋੜੇ ਵਿੱਚ ਬਦਲ ਜਾਦਾ ਹੈ। ਦੂਰ ਬੈਠੀ ਭੈਣ ਆਪਣੇ ਵੀਰ ਨੂੰ ਯਾਦ ਕਰਦੀ ਰਹਿੰਦੀ ਹੈ, ਤਾਂਘਦੀ ਰਹਿੰਦੀ ਹੈ। ਕਦੇ ਕਦੇ ਸਹੁਰਾ ਪਰਿਵਾਰ ਵਿੱਚ ਉਹ ਪਿਆਰ ਤੇ ਨਿੱਘ ਨਹੀਂ ਮਿਲਦਾ ਜੋ ਪੇਕੇ ਘਰ ਸੀ। ਨਾ ਫੋਨਦ ਸਹੂਲਤ ਸੀ, ਨਾ ਉਦੋਂ ਆਵਾਜਾਈ ਦੇ ਸਾਧਨ ਸਨ। ਮਿਲਣ ਨੂੰਅਤੇ ਗੱਲਬਾਤ ਕਰਨ ਲਈ ਵੀ ਕਾਫ਼ੀ ਸਮਾਂ ਲੰਘ ਜਾਂਦਾ ਸੀ। ਕੋਈ ਦਿਨ ਤਿਉਹਾਰ ਮਿਲਣ ਦਾ ਦਾ ਸਬੱਬ ਬਣਦਾ ਸੀ। ਦਿਨ ਤਿਉਹਾਰਾਂ ਤੇ ਲੈਣ ਦੇਣ ਦੀਆਂ ਚੱਲੀਆਂ ਰੀਤਾਂ, ਲੱਗਦਾ ਹੈ, ਅਸਲ ਵਿੱਚ ਵਿਛੋੜੇ ਨੂੰ ਮਿਲਾਪ ਵਿੱਚ ਬਦਲਣ ਲਈ ਅਤੇ ਪਿਆਰ ਭੇਂਟ ਦੇ ਕੇ ਪਿਆਰ ਗੂੜ੍ਹਾ ਕਰਨ ਲਈ ਹੀ ਬਣੀਆਂ ਸਨ। ਭੈਣ ਦੀ ਤਾਂਘ ਪ੍ਰਗਟ ਹੁੰਦੀ ਹੈ :-

"ਵੀਰਾ ਆਵੀਂ ਵੇ ਭੈਣ ਦੇ ਵਿਹੜੇ, ਪੁੰਨਿਆ ਦਾ ਚੰਨ ਬਣ ਕੇ।"

ਉਸ ਨੂੰ ਜਿਸ ਦਿਨ ਵੀ ਲੱਗਦਾ ਹੈ ਕਿ ਅੱਜ ਵੀਰਾ ਆਵੇਗਾ, ਉਸ ਦੀ ਸਾਰੀ ਇਕਾਗਰਤਾ ਇੱਥੇ ਆ ਕੇ ਟਿਕਦੀ ਹੈ ਕਿ ਕਿਵੇਂ ਆਏ ਵੀਰ ਦੀ ਪ੍ਰਾਹੁਣਚਾਰੀ ਕੀਤੀ ਜਾਵੇ। ਪਰਸਾਰਾ ਕੁਝ ਤਾਂ ਸੱਸ ਦੇ ਕੰਟਰੋਲ ਵਿੱਚ ਹੈ। ਭੈਣ ਸੱਸ ਨੂੰ ਕਹਿੰਦੀ ਹੈ, "ਸੱਸੇ ਦੁੱਧ ਨੂੰ ਜਾਗ ਨਾ ਲਾਈਂ, ਅੱਜ ਮੇਰੇ ਵੀਰ ਨੇ ਆਉਣਾ।"

ਵੀਰ ਆਉਂਦਾ ਹੈ। ਭੈਣ ਸਵਾਗਤ ਕਰਦੀ ਹੈ,

"ਤੈਨੂੰ ਵੀਰਾ ਦੁੱਧ ਦਾ ਛੰਨਾ,ਤੇਰੇ ਬੋਤੇ ਨੂੰ ਗੁਆਰੇ ਦੀਆਂ ਫਲੀਆਂ।"

"ਬੋਤਾ ਬੰਨ੍ਹ ਵੇ ਸੁਲੱਖਣਾ ਵੀਰਾ, ਮੁੰਨੀਆਂ ਰੰਗੀਨ ਗੱਡੀਆਂ।"

ਵੀਰ, ਆਪਣੀ ਭੈਣ ਦਾ ਸਤਿਕਾਰ ਕਰਨੋਂ ਕਦੇ ਨਹੀਂ ਖੁੰਝਦਾ।

"ਮੱਥਾ ਟੇਕਦਾਂ ਅੰਮਾਂ ਦੀਏ ਜਾਈਏ,ਬੋਤਾ ਭੈਣੇ ਫੇਰ ਬੰਨ੍ਹ ਲੂੰ।"

ਵੀਰ ਦੀ ਸੇਵਾ ਭੈਣ ਦੀ ਇੱਛਾ ਅਨੁਸਾਰ ਨਹੀਂ ਹੁੰਦੀ। ਭੈਣ ਉਸ ਨੂੰ ਖੁਲ੍ਹਾ ਕਾਣ ਪੀਣ ਨੂੰ ਦੇਣਾ ਚਾਹੁੰਦੀ ਹੈ, ਪਰ ਸੱਸ ਦੇ ਮਨ ਵਿੱਚ 'ਮੁੰਡੇ ਦੀ ਮਾਂ' ਹੋਣ ਦਾ ਗਰੂਰ ਹੈ ਅਤੇ 'ਧੀਆਂ ਵਾਲੇ ਨੀਵੇਂ ਹੁੰਦੇ ਹਨ'ਦੀ ਭਾਵਨਾ ਵੀ ਅੰਦਰ ਧਸੀ ਹੋਈ ਹੈ। ਉਹ ਪ੍ਰਾਹੁਣੇ ਅਨੁਸਾਰ ਮੇਰ ਤੇਰ ਵੀ ਕਰਦੀ ਹੈ। ਭੈਣ ਦੁਖੀ ਹੈ ਕਿ ਘਰ ਵਿੱਚ ਦੁੱਧ ਘਿਓ ਆਦਿ ਸਾਰਾ ਖੁਲ੍ਹਾ ਡੁਲ੍ਹਾ ਹੋਣ ਤੇ ਵੀ ਸੱਸ ਕੰਜੂਸੀ ਕਰਦੀ ਹੈ,ਉਹ ਵੀ ਵੀਰ ਵੇਲੇ।

"ਸੱਸੇ ਤੇਰੀ ਮਹਿੰ ਮਰ ਜਾਏ, ਮੇਰੇ ਵੀਰ ਨੂੰ ਸੁੱਕੀ ਖੰਡ ਪਾਈ।" ਤੇ ਫਿਰ :-

"ਹੱਟੀਆਂ ਤੇ ਖੰਡ ਮੁੱਕ ਗਈ, ਜਦੋਂ ਵੀਰ ਪ੍ਰਾਹੁਣਾ ਆਇਆ।"

"ਜਦੋਂ ਸੱਸ ਦੇ ਭਤੀਜੇ ਆਏ, ਰੇਲ ਭਰੀ ਆਵੇ ਖੰਡ ਦੀ।"

ਭੈਣ ਨੂੰ ਆਪਣੇ ਵੀਰ ਦੇ ਹਰੇਕ ਕੰਮ ਤੇ ਮਾਣ ਹੁੰਦਾ ਹੈ। ਉਹ ਬਹੁਤਾ ਪੜ੍ਹੀ ਲਿਖੀ ਨਹੀਂ, ਉਸ ਨੂੰ ਨਹੀਂ ਪਤਾ ਕਿ ਵੀਰ ਦੀ ਨਫਕਰੀ ਕਿਹੜੀ ਹੈ, ਪਰ ਉਸਨੂੰ ਇਹ ਅਹਿਸਾਸ ਹੈ ਕਿ ਉਹ ਨੌਕਰੀ ਅਫ਼ਸਰਾਂ ਵਾਲੀ ਹੈ। ਠਾਣੇਦਾਰੀ ਉਸ ਵੇਲੇ ਵੱਡੀ ਅਫਸਰੀ ਮੰਨੀ ਜਾਂਦੀ ਸੀ, ਤਦੇ ਤਾਂ ਭੈਣ ਕਹਿੰਡੀ ਹੈ "ਠਾਣੇਦਾਰ ਦੇ ਬਰਾਬਰ ਡਹਿੰਦੀ, ਕੁਰਸੀ ਮੇਰੇ ਵੀਰ ਦੀ।"

ਉੱਤੇ "ਜਿੱਥੇ ਵੱਜਦੀ ਬੱਦਲ ਵਾਂਗੂੰ ਗੱਜਦੀ,ਕਾਲੀ ਡਾਂਗ ਮੇਰੇ ਵੀਰ ਦੀ।"

ਵੀਰ ਆਪਣੇ ਕੰਮਾਂ ਵਿੱਚ ਰੁੱਝੇ ਹੋਏ, ਖੇਤੀਬਾੜੀ ਵਿੱਚ, ਨੌਕਰੀ ਵਿੱਚ ਰੁੱਝੇ ਹੋਏ ਜੇ ਕਿਧਰੇ ਤਿੱਥ ਤਿਉਹਾਰ ਨੂੰ ਭੈਣ ਕੋਲ ਆਉਣਾ ਭੁੱਲ ਜਾਂਦੇ ਹਨ ਜਾਂ ਲੇਟ ਹੋ ਜਾਂਦੇ ਹਨ, ਤਾਂ ਸੱਸ ਨੂੰ ਤਾਹਨੇ ਦੇਣ ਲਈ ਬਹਾਨਾ ਮਿਲ ਜਾਂਦਾ ਹੈ।

"ਤੈਨੂੰ ਤੀਆਂ ਨੂੰ ਲੈਣ ਨਾ ਆਏ,ਬਹੁਤੀਆਂ ਭਰਾਵਾਂ ਵਾਲੀਏ।"

ਥੇ ਫਿਰ ਉਸ ਦਾ ਜਵਾਬ ਭੈਣ ਇਉਂ ਦਿੰਦੀ ਹੈ,

"ਤੈਥੋਂ ਡਰਦੇ ਲੈਣ ਨਾ ਆਏ,ਸੱਸੇ ਨੀ ਵੜੇਵੇਂ ਅੱਖੀਏ।"

ਭੈਣ ਸੱਸ ਨੂੰ ਸਾਫ਼ ਸਾਫ਼ ਕਹਿ ਦਿੰਦੀ ਹੈ ਕਿ ਉਹ ਹੋਰ ਹਰ ਗੱਲ ਸਹਿ ਸਕਦੀ ਹੈ ਪਰ ਭਰਾ ਦੀ ਗਾਲ਼ (ਭਾਈਆਂ ਪਿੱਟੀ ਬਗੈਰਾ) ਹਰਗਿਜ਼ ਨਹੀਂ ਬਰਦਾਸ਼ਤ ਕਰੇਗੀ।

"ਗਾਲ਼ ਭਰਾਵਾਂ ਦੀ, ਮੈਂ ਨਾ ਵੈਰਨੇ ਸਹਿੰਦੀ।"

ਵੈਸੇ, ਆਮ ਹਾਲਤ ਵਿੱਚ ਵੀਰ ਅਜਿਹਾ ਨਹੀਂ ਹੋਣ ਦਿੰਦਾ। ਉਹ ਹਰ ਕੋਸ਼ਿਸ਼ ਕਰਦਾ ਹੈ ਕਿ ਡੁੱਬ ਜਾਣੀਆਂ ਦੀ ਖ਼ਬਰ ਲਿਆਂਦੀ ਜਾਵੇ ਅਤੇ ਦਿਨ ਤਿਉਹਾਰ ਨੂੰਕੁਝ ਲੈ ਦੇ ਵੀ ਹੋ ਜਾਏ। ਭੈਣ ਆਸ ਤਾਂ ਚਾਚੇ ਤਾਇਆਂ ਤੋਂ ਵੀ ਰੱਖਦੀ ਹੈ, ਪਰ ਉਹ ਤਾਂ ਉਸ ਨੂੰ ਕਦੇ ਮਿਲਣ ਵੀ ਨਹੀਂ ਜਾਂਦੇ। ਭੈਣ ਦਾ ਵੀਰ ਤੇ ਮਾਣ ਇਉਂ ਪ੍ਰਗਟ ਹੁੰਦਾ ਹੈ

"ਵੀਰ ਨਦੀਆਂ ਚੀਰਦੇ ਆਏ, ਚਾਚੇ ਤਾਏ ਕੋਲ਼ ਦੀ ਲੰਘੇ।"

"ਛੱਕਾਂ ਪੂਰਦੇ ਅੰਮਾਂ ਦੇ ਜਾਏ,ਚਾਚੇ ਤਾਏ ਮਤਲਬ ਦੇ।"

"ਮੇਰਾ ਵੀਰ ਸੰਧਾਰਾ ਲੈ ਕੇ ਆਇਆ, ਸਾਈਕਲਾਂ ਦੀਆਂ ਵੱਜਣ ਟੱਲੀਆਂ।"

ਜੌਲੀ ਹੌਲੀ ਵੀਰ ਦਾ ਵੀ ਵਿਆਹ ਹੋ ਜਾਂਦਾ ਹੈ। ਇੱਕ ਪਾਸੇ ਤਾਂ ਭਾਬੋ, ਵੀਰ ਤੇ ਜਿਆਦਾ ਹੱਕ ਜਮਾਉਣ ਲੱਗਦੀ ਹੈ ਤੇ ਕੁਝ ਵੀਰੇ ਦਾ ਪਿਆਰ ਵੀ ਵੰਡਿਆ ਜਾਂਦਾ ਹੈ। ਭੈਣ ਤੋਂ ਵੀਰ ਦਾ ਉਦਰੇਵਾਂ ਤੇ ਓਪਰਾਪਣ ਸਹਿ ਨਹੀਂ ਹੁੰਦਾ। ਉਹ ਆਖਦੀ ਹੈ ਕਿ ਜੇ ਆਉਣ ਦਾ ਵਕਤ ਨਹੀਂ ਖਤ ਤਾਂ ਲਿਖ ਦਿਆ ਕਰ।

"ਚਿੱਠੀ ਪਾਦੀਂ ਵੇ ਅੰਮਾਂ ਦਿਆ ਜਾਇਆ, ਭੈਣ ਪਰਦੇਸਣ ਨੂੰ।"

ਵੀਰ ਦੀ ਮਜ਼ਬੂਰੀ :

"ਤੇਰੀ ਭਾਬੋ ਲਿਖਣ ਨਾ ਦੇਵੇ, ਚਿੱਠੀਆਂ ਨਾਲ ਘਰ ਭਰ ਦਾਂ।"

ਵੀਰਾ ਭੈਣ ਨੂੰ ਆਉਣ ਲਈ ਆਖਦਾ ਹੈ, ਪਰ ਚੌਧਰਾਣੀ ਬਣੀ ਹੋਈ ਭਾਬੋ, ਆਈ ਹੋਈ ਭੈਣ ਦਾ ਉਤਨਾ ਸਤਿਕਾਰ ਨਹੀਂ ਕਰਦੀ। ਕਦੇ ਕਦੇ ਭੈਣ ਨੂੰ ਕਿਸੇ ਗੱਲੋਂ ਟੋਕ ਵੀ ਦਿੰਦੀ ਹੈ। ਤਾਂ ਭੈਣ ਦੀ ਨਿਰਾਸ਼ਤਾ ਉਹਦੇ ਹਿਰਦੇ ਦੀ ਪੀੜ ਬਣ ਕੇ ਬਾਹਰ ਨਿਕਲਦੀ ਹੈ।

"ਨੀ ਮੈਂ ਸੱਦੀ ਓ ਵੀਰ ਘਰ ਆਈ, ਭਾਬੋ ਨੇ ਝਿੜਕ ਦਿੱਤੀ।"

ਵੀਰਾ ਤੇਰੀ ਵੇ ਅੰਮਾਂ ਦੀ ਜਾਈ, ਭਾਬੋ ਦੀ ਮੈਂ ਕੁਝ ਨਾ ਲੱਗਾਂ।"

"ਤੇ ਫਿਰ ਭਾਬੋ ਦੀਆਂ ਮੰਨ ਵੀਰਨਾ, ਕੱਚੇ ਆਟੇ ਦੀ ਲੋੜ ਨਾ ਕੋਈ।"

ਹਲਕੀ ਫੁਲਕੀ ਨੋਕ ਝੋਕ, ਟੋਕਾ ਟਾਕੀ, ਗਿਲੇ ਸ਼ਿਕਵੇ, ਪਿਆਰ ਨਿਹੋਰੇ ਆਦਿ ਤਾਂ ਚਲਦੇ ਰਹਿੰਦੇ ਹਨ, ਪਰ ਭੈਣ ਵੀਰ ਦੇ ਘਰ 'ਪੁੱਤ' ਖੇਡਦਾ ਦੇਖਣਾ ਚਾਹੁੰਦੀ ਹੈ। ਇਸ ਲਈ ਉਹ ਮੰਨਤਾਂ ਅਤੇ ਸੁੱਖਣਾਂ ਵੀ ਮੰਨਦੀ ਹੈ।

"ਵੇ ਮੈਂ ਨਿੱਤ ਵਰਮੀਂ ਜਲ ਪਾਵਾਂ, ਵੀਰਾ ਤੇਰੀ ਜੜ੍ਹ ਲੱਗ ਜਾਏ।"

ਤੇ ਭੈਣ ਦੇ ਦਿਲੋਂ ਨਿਕਲੀ ਦੁਆ ਕਬੂਲ ਪੈਂਦੀ ਹੈਵੀਰ ਘਰ ਪੁੱਤ ਹੋਣ ਦੀ ਖਬਰ ਮਿਲਣ ਤੇ ਉਹ ਪੁੱਠੀਆਂ ਛਾਲਾਂ ਮਾਰਦੀ ਆਪੇ ਚ' ਨਹੀਂ ਮਿਉਂਦੀ।

"ਚੰਨ ਚੜ੍ਹਿਆ ਬਾਪ ਦੇ ਵਿਹੜੇ, ਵੀਰ ਘਰ ਪੁੱਤ ਜੰਮਿਆ।"

"ਨੀ ਮੈਂ ਬਿਨ ਪੌੜੀ ਚੜ੍ਹ ਜਾਵਾਂ,ਚੁੱਕ ਕੇ ਭਤੀਜੇ ਨੂੰ।"

ਭਤੀਜਾ ਉਸ ਨੂੰ ਵੀਰ ਨਾਲੋਂ ਵੀ ਵਧੇਰੇ ਪਿਆਰਾ ਹੈ। ਜਿਵੇਂ ਸੂਦ, ਮੂਲ ਨਾਲੋਂ ਚੰਗਾ ਲੱਗਦਾ ਹੈ। "ਭਾਈਆਂ ਨਾਲੋਂ ਨੀ ਭਤੀਜੇ ਪਿਆਰੇ, ਭੂਆ ਕਹਿ ਕੇ ਮੱਥਾ ਟੇਕਦੇ।"

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਭੈਣ ਦੇ ਹਿਰਦੇ ਵਿੱਚ ਵੀਰ ਪਿਆਰ ਕੁੱਟ ਕੁੱਟ ਭਰਿਆ ਪਿਆ ਹੈ ਅਤੇ ਡੁੱਲ ਡੁੱਲ ਪੈਂਦਾ ਹੈ। ਉਹ ਉਸ ਤੋਂ ਆਸਾਂ ਵੀ ਰੱਖਦੀ ਹੈ, ਹਰ ਖੁਸ਼ੀ ਵੀ ਲੋੜਦੀ ਹੈ ਅਤੇ ਉਸ ਤੋਂ ਕੁਰਬਾਨ ਹੋਣ ਲਈ ਵੀ ਤਿਆਰ ਹੈ।... ਲੋੜ ਹੈ ਇਸ ਪਵਿੱਤਰ ਰਿਸ਼ਤੇ ਦੀ ਸਾਂਝ ਨੂੰ ਬਣਾਈ ਰੱਖਣ ਦੀ।







ਜਸਵਿੰਦਰ ਸਿੰਘ "ਰੁਪਾਲ"
9814715796

# ਹਰਕਵਲ ਦੀਆਂ ਅੱਖਾਂ 'ਚ ਸੁਪਨਿਆਂ ਦੀ ਰੌਸ਼ਨੀ ਕਦੇ ਧੁੰਦਲੀ ਨਹੀਂ ਹੋਈ

## ਅੱਖਾਂ ਦੀ ਰੌਸ਼ਨੀ ਤੋਂ ਬਿਨਾਂ ਹਰਕਵਲ ਕਰ ਚੁੱਕਿਆ ਹੈ ਪੰਜਾਬੀ ਦੀ ਐਮ.ਏ



ਕਹਿੰਦੇ ਹਨ ਕਿ ਜੇਕਰ ਇੰਨਸਾਨ ਦਾ ਮਨੋਬਲ ਮਜ਼ਬੂਤ ਹੋਵੇ ਤਾਂ ਕਿਸੇ ਵੀ ਮੁਕਾਮ ਨੂੰ ਹਾਸਿਲ ਕੀਤਾ ਜਾ ਸਕਦਾ ਹੈ। ਸਿਰਫ਼ ਲੋੜ ਹੈ ਦ੍ਰਿੜ ਨਿਸ਼ਚੈ ਦੀ ਅਤੇ ਸਫ਼ਲ ਮਿਹਨਤ ਦੀ ਅਤੇ ਇਸ ਨੂੰ ਸੱਚ ਸਾਬਤ ਕੀਤਾ ਦਿੱਲੀ ਦੇ ਹਰਕਵਲ ਸਿੰਘ ਨੇ, ਜਿਸ ਦੀਆਂ ਅੱਖਾਂ 'ਚ ਰੋਸ਼ਨੀ ਨਾ ਹੋਣ ਦੇ ਬਾਵਜੂਦ ਵੀ ਉਸ ਨੇ ਕਦੇ ਆਪਣੀ ਜਿੰਦਗੀ ਨੂੰ ਚੁਣੌਤੀ ਸਮਝ ਕੇ ਹਾਰ ਨਹੀਂ ਮੰਨੀ। ਉਸ ਨੇ ਆਪਣੀ ਹਿੰਮਤ, ਮਿਹਨਤ, ਅਤੇ ਦ੍ਰਿੜ ਨਿਸ਼ਚੈ ਨਾਲ ਆਪਣੀ ਪੜ੍ਹਾਈ ਜਾਰੀ ਰੱਖੀ ਅਤੇ ਦਿੱਲੀ ਯੂਨੀਵਰਸਿਟੀ ਤੋਂ ਐਮ.ਏ. (ਪੰਜਾਬੀ) ਦੀ ਪਹਿਲੇ ਸਥਾਨ 'ਚ ਡਿਗਰੀ ਹਸਿਲ ਕੀਤੀ।

ਜਦੋਂ ਉਸ ਨੇ ਐਮ.ਏ. ਦੀ ਪੜ੍ਹਾਈ ਦਾ ਫੈਸਲਾ ਲਿਆ, ਤਾਂ ਲੋਕਾਂ ਨੇ ਉਸ ਦੀ ਕਾਬਲੀਅਤ 'ਤੇ ਕਈ ਸਵਾਲ ਕੀਤੇ, ਪਰ ਹਰਕਵਲ ਨੇ ਹਮੇਸ਼ਾਂ ਆਪਣੀ ਸਫਲਤਾ ਨਾਲ ਸਭ ਦਾ ਮੂੰਹ ਬੰਦ ਕਰ ਦਿੱਤਾ। ਉਹ ਕਾਫ਼ੀ ਔਖੀਆਂ ਰਚਨਾਵਾਂ ਅਤੇ ਕਵਿਤਾਵਾਂ ਨੂੰ ਸੁਣਕੇ ਆਪਣੀ ਅਧਿਆਪਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਿਆ।

ਉਸਦੇ ਮਾਤਾ ਜੀ (ਕਵਲਜੀਤ ਕੌਰ) ਨਾਲ ਗੱਲਬਾਤ ਵਿੱਚ ਉਨ੍ਹਾਂ ਦੱਸਿਆ ਕਿ ਹਰਕਵਲ ਦੋ ਮਹੀਨੇ ਦਾ ਸੀ, ਜਦ ਉਸ ਦੀਆਂ ਅੱਖਾਂ ਦੀ ਸਮੱਸਿਆ ਦਾ ਪਤਾ ਲੱਗਾ। ਦੇਸ਼ ਦੇ ਹਰ ਵੱਡੇ ਹਸਪਤਾਲਾਂ ਵਿੱਚ ਦਿਖਾਉਣ ਤੋ ਬਾਅਦ ਵੀ ਕੋਈ ਫਰਕ ਨਹੀਂ ਪਿਆ, ਇਸਦੀ ਨਿਗ੍ਹਾ ਹੋਰ ਘਟ ਹੁੰਦੀ ਗਈ। ਤੀਸਰੀ ਜਮਾਤ ਤੱਕ ਰੰਗਾਂ ਦੀ ਥੋੜੀ ਬਹੁਤ ਪਹਿਚਾਣ ਸੀ, ਪਰ ਹੌਲੀ ਹੌਲੀ ਇਹ ਪਹਿਚਾਣ ਵੀ ਬੰਦ ਹੋ ਗਈ ਅਤੇ ਨਜ਼ਰ ਪੂਰੀ ਤਰਾਂ ਖਤਮ ਹੋ ਗਈ। ਪਰ ਅਸੀਂ ਗੁਰੂ ਦਾ ਲੜ ਨਹੀਂ ਛੱਡਿਆ। ਉਸੇ ਸਦਕਾ ਨਾ ਹਰਕਵਲ ਨੇ ਹਿੰਮਤ ਹਾਰੀ ਅਤੇ ਨਾ ਹੀ ਅਸੀਂ। ਉਹਨਾਂ ਇਹ ਵੀ ਦਸਿਆ ਕਿ ਹਰਕਵਲ ਦੀ ਪੜ੍ਹਾਈ ਲਿਖਾਈ ਨਾਲ ਸਬੰਧਤ ਸਾਰੇ ਫਾਰਮ ਭਰਨ ਦਾ ਕੰਮ ਮੇਰੀ ਬੱਚੀ (ਸਿਮਰਤ) ਕਰਦੀ ਹੈ,ਬੇਟੇ ਨੂੰ ਤਿਆਰ ਕਰ ਕੇ ਕਾਲਜ ਭੇਜਣ ਤੇ ਮੇਰੀ ਗੈਰ ਹਾਜ਼ਰੀ ਵਿੱਚ ਬੇਟੇ ਦਾ ਧਿਆਨ ਰੱਖਣ ਦਾ ਕੰਮ ਉਸ ਦੇ ਪਾਪਾ (ਹਰਿੰਦਰ ਪਾਲ ਸਿੰਘ) ਕਰਦੇ ਹਨ,ਬੇਟੇ ਦੀ ਪੜ੍ਹਾਈ ਲਈ ਕਿਤਾਬਾਂ ਪੜ੍ਹ ਕੇ ਆਡੀਓ ਬਣਾਉਣਾ, ਅਧਿਆਪਕਾਂ ਨਾਲ ਮੁਲਾਕਾਤ, ਪੇਪਰ ਦੀ ਤਿਆਰੀ, ਰਾਈਟਰ ਦਾ ਇੰਤਜ਼ਾਮ ਆਦਿ ਵਰਗਾ ਕੰਮ ਮੇਰਾ ਹੈ। ਸਾਰਿਆਂ ਦੀ ਸਾਂਝੀ ਕੋਸ਼ਿਸ਼, ਮਿਹਨਤ, ਲਗਨ ਸਦਕਾ ਅਤੇ ਉਸ ਵਾਹਿਗੁਰੂ ਉੱਪਰ ਵਿਸ਼ਵਾਸ਼ ਕਾਰਨ ਹਰਕਵਲ ਸਿੰਘ ਨੂੰ ਅੱਜ ਇਸ ਮੁਕਾਮ ਤੱਕ ਪਹੁੰਚਿਆ ਹੈ। ਅੰਤ 'ਚ ਓਹਨਾਂ ਦਸਿਆ ਕਿ, ਮੈਂ ਮੰਨਦੀ ਹਾਂ ਅਜਿਹੇ ਬੱਚਿਆਂ ਦੀ ਪਰਵਰਿਸ਼ ਵਿਚ ਸਮੱਸਿਆਵਾਂ ਵੀ ਬਹੁਤ ਆਉਂਦੀਆਂ ਹਨ ਪਰ ਰੱਬ ਉੱਪਰ ਭਰੋਸਾ ਰੱਖੋ, ਉਹ ਆਪ ਤੁਹਾਡਾ ਸਹਾਈ ਹੋਵੇਗਾ। ਇਹ ਰੱਬ ਦੇ ਜੀਅ ਤੁਹਾਡਾ ਪਿਆਰ, ਵਿਸ਼ਵਾਸ਼ ਅਤੇ ਦੇਖਭਾਲ ਮੰਗਦੇ ਹਨ ਤਾਂ ਜੋ ਇਹ ਵੀ ਆਮ ਬੱਚਿਆਂ ਵਾਂਗ ਅੱਗੇ ਵੱਧ ਸਕਣ।

ਹਰਕਵਲ ਸਿੰਘ ਦਾ ਸਫ਼ਰ ਸਧਾਰਨ ਨਹੀਂ ਸੀ। ਉਸ ਦੀ ਜ਼ਿੰਦਗੀ ਦੀ ਸ਼ੁਰੂਆਤ ਹੋਈ, ਤਾਂ ਅਸਲੀਅਤ ਨੇ ਉਸ ਤੋਂ ਰੌਣਕਾਂ ਖੋਹ ਲਈਆਂ, ਪਰ ਉਸ ਦੀਆਂ ਅੱਖਾਂ ਵਿੱਚ ਸੁਪਨਿਆਂ ਦੀ ਰੌਸ਼ਨੀ ਕਦੇ ਵੀ ਧੁੰਦਲੀ ਨਹੀਂ ਹੋਈ। ਜਦੋਂ ਲੋਕ ਇਹ ਸੋਚਦੇ ਹਨ ਕਿ ਅੱਖਾਂ ਬਿਨਾਂ ਸਿੱਖਿਆ ਪ੍ਰਾਪਤ ਕਰਨੀ ਬਹੁਤ ਔਖੀ ਹੈ, ਪਰ ਹਰਕਵਲ ਸਿੰਘ ਨੇ ਇਸ ਧਾਰਣਾ ਨੂੰ ਗਲਤ ਸਾਬਤ ਕਰ ਵਿਖਾਇਆ। ਅੱਜ ਹਰਕਵਲ ਸਿੰਘ ਸਿਰਫ਼ ਇੱਕ ਸਫ਼ਲ ਵਿਦਿਆਰਥੀ ਹੀ ਨਹੀਂ, ਸਗੋਂ ਉਹ ਦੂਜਿਆਂ ਲਈ ਪ੍ਰੇਰਣਾ ਦਾ ਸਰੋਤ ਵੀ ਹੈ।



ਬਲਦੇਵ ਸਿੰਘ ਬੇਦੀ, ਜਲੰਧਰ
9041925181

# ਚਾਹ



ਚਾਹ ਸਬਦ ਦੀ ਵਰਤੋਂ ਮਨੁੱਖ ਸਦੀਆ ਤੋਂ ਕਰਦਾ ਆ ਰਿਹਾ ਹੈ। ਕਾਫੀ ਸਮਾ ਪਹਿਲਾਂ ਮਨੁੱਖ ਅਣਪੜ੍ਹ ਹੋਣ ਦੇ ਬਾਵਜੂਦ ਚਾਹ ਸਬਦ ਦੇ ਕਈ ਅਰਥ ਕੱਢ ਲੈਂਦੇ ਸਨ। ਵਿਦਵਾਨਾਂ ਨੇ ਚਾਹ ਦਾ ਅਰਥ- ਤਮੰਨਾ, ਇੱਛਾ, ਲੋੜ, ਖਾਸ ਤਰਲ ਪਦਾਰਥ ਵੀ ਦੱਸਿਆ ਹੈ।

ਭਾਰਤ ਦੇਸ਼ ਵਿੱਚ ਚਾਹ ਪੀਣ ਲਈ ਵੱਖ ਵੱਖ ਢੰਗ ਨਾਲ ਬਣਾਈ ਜਾਂਦੀ ਹੈ। ਚਾਹ ਕਾਲੀ, ਚਿੱਟੀ, ਨਿੰਬੂ ਵਾਲੀ,ਮਸਾਲੇ ਵਾਲੀ,ਆਦਿ ਹੁੰਦੀ ਹੈ। ਡਰਾਈਵਰ ਵੀਰ ਢਾਬੇ ਤੇ ਨੱਬੇ ਮੀਲ ਵਾਲੀ ਅਤੇ ਦੁੱਖ ਤੋੜਨ ਵਾਲੀ ਚਾਹ ਪੀਣ ਦੀ ਮੰਗ ਕਰਦੇ ਵਿਖਾਈ ਦਿੰਦੇ ਹਨ।

ਚਾਹ ਦੇ ਨਾਲ ਪਾਣੀ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ। ਕਈ ਵਾਰ ਨਸ਼ੇ ਦਾ ਸੇਵਨ ਕਰਨ ਵਾਲੇ ਪਾਣੀ ਦੀ ਮੰਗ ਕਰਦੇ ਹਨ। ਸਰਕਾਰੀ ਦਫਤਰ ਵਿੱਚ ਵੀ ਕਈ ਵਾਰ ਚਾਹ ਪਾਣੀ ਦੀ ਮੰਗ ਕਰਦੇ ਵਿਖਾਈ ਦਿੰਦੇ ਹਨ। ਆਮ ਲੋਕਾ ਦੀ ਧਾਰਨਾ ਹੁੰਦੀ ਹੈ, ਕੰਮ ਬਦਲੇ ਚਾਹ ਪਾਣੀ ਦਿੰਦੇ ਹਨ, ਇਹ ਧਾਰਨਾ ਗਲਤ ਹੈ। ਕਈ ਵਾਰ ਰਿਸ਼ਤੇਦਾਰ ਵੀ ਚਾਹ ਨਾ ਪਿਲਾਉਣ ਤੇ ਆਕੜ ਜਾਂਦੇ ਹਨ। ਘਰ ਆਏ ਨਵੇਂ ਮਹਿਮਾਨਾਂ ਲਈ ਸਪੈਸ਼ਲ ਚਾਹ ਦਾ ਪ੍ਰਬੰਧ ਕੀਤਾ ਜਾਂਦਾ ਹੈ। ਜਿਆਦਾਤਰ ਮਨੁੱਖ ਸੂਗਰ ਦੇ ਮਰੀਜ ਹਨ। ਇਸ ਲਈ ਖੁਸ਼ੀ ਫਿੱਕੀ ਦੋ



ਗਮੀ ਦੇ ਪ੍ਰੋਗਰਾਮਾਂ ਵਿੱਚ ਮਿੱਠੀ ਤਰਾਂ ਦੀ ਚਾਹ ਮਿਲਦੀ ਹੈ। ਚਾਹ ਵਿਗੜੇ ਰਿਸ਼ਤੇ ਵਿਚ ਮਿਠਾਸ ਭਰਦੀ ਹੈ। ਪੁਰਾਤਨ ਸੱਭਿਆਚਾਰ ਵਿੱਚ ਘਰ ਆਏ ਮਹਿਮਾਨ ਨੂੰ ਗੜਬੀ/ਜੱਗ ਵਿੱਚ ਚਾਹ ਭਰ ਕੇ ਦੇਣ ਦਾ ਰਿਵਾਜ ਸੀ। ਮਹਿਮਾਨ ਚਾਹੇ ਦੋ ਗਿਲਾਸ ਪੀਵੇ ਚਾਹੇ ਤਿੰਨ ਪੀਵੇ। ਅਸੀਂ ਬਜ਼ੁਰਗਾਂ ਤੋ ਆਮ ਸੁਣਦੇ ਸੀ----

ਅਸੀਂ ਤਾਂ ਦੁੱਧ ਲੱਸੀ ਪੀਂਦੇ ਸੀ, ਅੰਗਰੇਜਾਂ ਨੇ ਸਾਡੇ ਦੇਸ਼ ਵਿੱਚ ਚਾਹ ਲਿਆਂਦੀ।

ਚਾਹ ਵੀ ਪਰਦਾ ਭਾਲਦੀ ਹੈ,ਚਾਹ ਦੇ ਕੱਪ ਵਿੱਚ ਕੁੱਝ ਮਿੰਟਾਂ ਬਾਅਦ ਮੋਟੀ ਪਰਤ ਜੰਮ ਜਾਂਦੀ ਹੈ। ਕਈ ਮਨੁੱਖ ਵੀ ਪਰਦਾ ਪਾਉਣ ਦੇ ਆਦੀ ਹਨ।

ਅੱਜ ਕੱਲ ਗਲੀ ਮੁਹੱਲਿਆਂ ਵਿੱਚ ਸਮਾਜ ਨੂੰ ਜੋੜਨ ਲਈ ਚਾਹ ਪਾਰਟੀ ਰੱਖੀ ਜਾਂਦੀ ਹੈ, ਵਧੀਆ ਢੰਗ ਹੈ। ਇਹਦੇ ਨਾਲ ਗੱਲਬਾਤ ਸਾਂਝੀ ਹੁੰਦੀ ਹੈ ਅਤੇ ਆਪਸੀ ਤਾਲਮੇਲ/ਪਿਆਰ ਵੱਧਦਾ ਹੈ।

ਹਰਜਿੰਦਰ ਸਿੰਘ ਖੰਨਾ, 6280589127

# ਗੀਤ - ਰੱਖੜੀ

ਸਾਲ ਬਾਅਦ ਕਰਦੀ ਉਡੀਕ ਮੇਰੀ ਰੱਖੜੀ *
ਸਾਹਾਂ ਵਿੱਚ ਰੱਖਦੀ ਪ੍ਰੀਤ ਮੇਰੀ ਰੱਖੜੀ *
ਰਿਸਤਿਆਂ ਦੇ ਡੂੰਘੇ ਸਤਿਕਾਰ ਮੇਰੀ ਰੱਖੜੀ *
ਭੈਣ ਤੇ ਭਰਾ ਦਾ ਹੈ ਤਿਉਹਾਰ ਮੇਰੀ ਰੱਖੜੀ *

ਵੀਰਾਂ ਜੇਹਾ ਰਿਸ਼ਤਾ ਨਾ ਹੋਰ ਕੋਈ ਭੈਣਾਂ ਦਾ *
ਭਾਈਆਂ ਦੇ ਸਿਰਾਂ ਤੇ ਹੁੰਦਾ ਜੋਰ ਸਦਾ ਭੈਣਾਂ ਦਾ *
ਸਾਰਿਆਂ ਤੋਂ ਪਿਆਰਾ ਹੈ ਤਿਉਹਾਰ ਮੇਰੀ ਰੱਖੜੀ *
ਭੈਣ ਤੇ ਭਰਾ ਦਾ ਹੈ ਤਿਉਹਾਰ ਮੇਰੀ ਰੱਖੜੀ *

ਸੱਤ ਰੰਗ ਪਾ ਕੇ ਭੈਣਾ ਰੱਖੜੀ ਬਣਾਦੀਆਂ -
ਹਰ ਇੱਕ ਰੰਗ ਚ ਦੁਆਵਾਂ ਭਰੀ ਜਾਂਦੀਆਂ -
ਵੀਰਨਾ ਦੇ ਵਿਹੜੇ ਗੁਲਜਾਰ ਮੇਰੀ ਰੱਖੜੀ*
ਭੈਣ ਤੇ ਭਰਾ ਦੀ ਹੈ ਤਿਉਹਾਰ ਮੇਰੀ ਰੱਖੜੀ *

ਵੀਰਾਂ ਤਾਈ ਵੇਖ ਯਾਦਾਂ ਆਉਂਦੀਆਂ ਪੁਰਾਣੀਆਂ -
ਸਾਈਕਲ ਚਲਾਉਂਦੇ ਸੱਟਾਂ ਨਿਤ ਅਸੀਂ ਖਾਣੀਆ *
ਵੀਰਾ ਦੀਆਂ ਗੁੱਟਾਂ ਦਾ ਸ਼ਿਕਾਰ ਮੇਰੀ ਰੱਖੜੀ*
ਭੈਣ ਤੇ ਭਰਾ ਦਾ ਹੈ ਤਿਉਹਾਰ ਮੇਰੀ ਰੱਖੜੀ *

ਵੀਰ ਹੁੰਦੇ ਭੈਣਾਂ ਦੀਆਂ ਅੱਖੀਆਂ ਦੇ ਤਾਰੇ ਨੇ -
ਇਹ ਤੋਂ ਵੱਧ ਹੋਰ ਕੋਈ ਰਿਸ਼ਤੇ ਨਾ ਪਿਆਰੇ ਨੇ - -
ਵੀਰਾਂ ਉਤੋ ਜਾਵੇ ਬਲਿਹਾਰ ਮੇਰੀ ਰੱਖੜੀ *
ਭੈਣ ਤੇ ਭਰਾ ਦਾ ਹੈ ਤਿਉਹਾਰ ਮੇਰੀ ਰੱਖੜੀ *

ਬੁੱਟਰਾਂ ਦੇ ਮੱਖਣ ਦਿਲੋਂ ਕਰਦੀ ਦੁਆਵਾਂ ਵੇ *
ਸ਼ਰਮੇ ਦੇ ਵੇਹੜੇ ਆਉਣ ਠੰਡੀਆਂ ਹਵਾਵਾਂ ਵੇ *
ਖੁਸੀਆਂ ਚ ਬਣੀ ਹੈ ਕਮਾਲ ਮੇਰੀ ਰੱਖੜੀ *
ਭੈਣ ਤੇ ਭਰਾ ਦਾ ਹੈ ਤਿਉਹਾਰ ਮੇਰੀ ਰੱਖਣੀ *

* ਲੇਖਕ ਮੱਖਣ ਸ਼ਰਮਾ ਬੁੱਟਰ ਗਿੱਦੜਬਹਾ *
9417105526 *

## ਸਤਿਕਾਰ ਦੀ ਕਵਿਤਾ

ਅਨਪੜ ਗੀਤ ਨਾ ਲਿਖਣੋ ਰਹਿੰਦਾ -
ਬੇਸ਼ੱਕ ਕੋਈ ਮੁੱਲ ਨਹੀਂ ਪੈਂਦਾ -
ਲਿਖ ਲਿਖ ਭਰਤੀ ਕਾਪੀ ਸਾਰੀ -
ਪਲ ਵਿੱਚ ਲਿਖਦੇ ਕਰੇ ਨਾ ਤਿਆਰੀ -
ਮੈਂ ਸਭ ਤੋਂ ਹਾਂ ਰਹਿੰਦਾ ਡਰਦਾ -
ਸਭ ਦਾ ਦਿਲੋਂ ਸਤਿਕਾਰ ਹਾਂ ਕਰਦਾ -
ਸਰੋਤਿਆਂ ਨੂੰ ਰੱਬ ਵਰਗਾ ਦਰਜਾ -
ਕੋਈ ਤਾਂ ਸਿਫਤਾਂ ਹੋਣੈ ਕਰਦਾ -
ਭੈਣ ਵੀਰ ਮੇਰੇ ਦਿਲ ਦੀ ਧੜਕਣ -
ਗੁੱਸੇ ਰਹਿੰਦੇ ਦਿਲ ਵਿੱਚ ਰੜਕਣ -
ਆਪੇ ਹੀ ਮੰਨ ਜਾਂਦੇ ਹੈ ਸਾਰੇ -
ਭੈਣ ਵੀਰ ਮੈਨੂੰ ਜਾਣ ਤੋਂ ਪਿਆਰੇ
ਕਵਿਤਾ ਮੱਖਣ ਸ਼ਰਮਾ ਦੀ ਹੈ -
*ਧੂੜ ਇਹ ਸਭ ਦੇ ਚਰਨਾਂ ਦੀ ਹੈ *
ਧੂੜ ਇਹ ਸਭ ਦੇ ਚਰਨਾਂ ਦੀ ਹੈ *।

ਮੱਖਣ ਸ਼ਰਮਾ ਬੁੱਟਰ

# ਰਿਸ਼ਤਾ

ਰੱਖੜੀ ਦਾ ਤਿਉਹਾਰ ਹੋਣ ਕਰਕੇ ਸਾਰਾ ਬਜ਼ਾਰ ਸਜਿਆ ਹੋਇਆ ਹੈ। ਰਾਜਵੀਰ ਇੱਕ ਦੁਕਾਨ ਤੇ ਸਮਾਨ ਲੈਣ ਲਈ ਰੁਕਦੀ ਹੈ।

"ਭੈਣ ਜੀ ਬਹੁਤ ਵਧੀਆਂ ਡਿਜ਼ਾਇਨਾਂ ਦੀਆਂ ਨਵੀਆਂ ਨਵੀਆਂ ਰੱਖੜੀਆਂ ਆਈਆਂ ਹੋਈਆਂ ਹਨ ਤੁਸੀਂ ਅੰਦਰ ਜਾ ਕੇ ਦੇਖੋ ਤਾਂ ਸਹੀ।"ਦੁਕਾਨਦਾਰ ਰਾਜਵੀਰ ਨੂੰ ਆਖਦਾ ਹੈ।

"ਨਹੀਂ ਭਾਈ ਸਾਹਿਬ ਮੈਨੂੰ ਨਹੀਂ ਚਾਹੀਦੀਆਂ।"


"ਤੁਸੀਂ ਇੱਕ ਵਾਰ ਵੇਖੋ ਤਾਂ ਸਹੀ ਪੂਰੇ ਬਜ਼ਾਰ ਵਿੱਚ ਆਪਣੇ ਤੋਂ ਫੈਨਸੀ ਰੱਖੜੀਆਂ ਕੋਈ ਨਹੀਂ ਰੱਖਦਾ,ਰਹੀ ਗੱਲ ਰੇਟ ਦੀ ਸਾਡੇ ਤੋਂ ਸਸਤੀ ਰੱਖੜੀ ਤੁਹਾਨੂੰ ਪੂਰੇ ਬਜ਼ਾਰ ਵਿੱਚ ਮਿਲ ਹੀ ਨਹੀਂ ਸਕਦੀ..... ਤੁਸੀਂ... ਤੁਸੀਂ ਵੇਖੋ ਤਾਂ ਸਹੀ।"

"ਨਹੀਂ ਭਾਈ ਸਾਹਿਬ ਮੈਂ ਤੁਹਾਨੂੰ ਇੱਕ ਵਾਰ ਆਖ ਦਿੱਤਾ ਨਾ ਮੈਨੂੰ ਰੱਖੜੀ ਨਹੀਂ ਚਾਹੀਦੀ।" ਰਾਜਵੀਰ ਆਪਣੀ ਗੱਲ ਦੁਹਰਾਉਂਦੀ ਹੈ।

"ਚਲੋ ਕੋਈ ਗੱਲ ਨਹੀਂ ਜੇ ਨਹੀਂ ਖਰੀਦਣੀ ਤਾਂ ਨਾ ਸਹੀ ਪਰ ਇੱਕ ਵਾਰ ਦੇਖ ਕੋ.....! "ਦੁਕਾਨਦਾਰ ਦੀ ਐਨੀ ਗੱਲ ਬੋਲਣ ਦੀ ਦੇਰ ਹੀ ਸੀ ਕਿ ਰਾਜਵੀਰ ਗੁੱਸੇ ਵਿੱਚ ਚੀਕਦੀ ਹੈ।

"ਮੈਂ ਤੁਹਾਨੂੰ ਇੱਕ ਵਾਰ ਆਖ ਦਿੱਤਾ ਨਾ ਮੈਨੂੰ ਨਹੀਂ ਚਾਹੀਦੀ ਮੈਨੂੰ ਨਹੀਂ ਚਾਹੀਦੀ ਪਰ ਤੁਸੀਂ ਵਾਰ ਵਾਰ ਇੱਕ ਹੀ ਗੱਲ ਕਿਉਂ ਦੋਹਰਾ ਰਹੇ ਹੋ। ਤੁਹਾਨੂੰ ਮੇਰੀ ਗੱਲ ਸਮਝ ਨਹੀਂ ਆ ਰਹੀ.... ਰੱਖੜੀ ਬੰਨਣ ਲਈ ਭਰਾ ਦਾ ਗੁੱਟ ਵੀ ਤਾਂ ਹੋਣਾ ਚਾਹੀਦਾ ਹੈ।" ਉਹ ਰੋਣ ਲੱਗ ਜਾਂਦੀ ਹੈ।

""ਮੁਆਫ਼ ਕਰਨਾ..... ਮੁਆਫ਼ ਕਰਨਾ ਭੈਣ ਜੀ ਗਲਤੀ ਹੋ ਗਈ...... ਗਲਤੀ ਹੋ ਗਈ,ਮੈਨੂੰ ਨਹੀਂ ਪਤਾ ਸੀ ਕਿ ਤੁਹਾਡੇ..........!"



"ਮੇਰਾ ਵੀ ਬਹੁਤ ਖੂਬਸੂਰਤ ਭਰਾ ਹੁੰਦਾ ਸੀ। ਜੋ.... ਜੋ ਭਾਰਤ ਮਾਤਾ ਦੀ ਸੇਵਾ ਕਰਦਾ ਹੋਇਆਂ ਸ਼ਹੀਦ ਹੋ ਗਿਆ। ਬਦਕਿਸਮਤੀ ਨਾਲ ਉਹ ਦਿਨ......ਉਹ ਦਿਨ ਵੀ ਰੱਖੜੀ ਦਾ ਹੀ ਸੀ। ਹੁਣ ਤੁਸੀਂ ਆਪ ਹੀ ਦੱਸੋਂ ਮੈਂ..... ਮੈਂ ਰੱਖੜੀ ਕਿਸ ਲਈ ਖਰੀਦਣੀ ਹੈ........! ਜਦੋਂ ਮੇਰੇ ਕੋਲ ...ਮੇਰੇ ਕੋਲ ਰੱਖੜੀ ਬਨਾਉਣ ਵਾਲਾ ਹੀ ਨਹੀਂ ਹੈ।"

(ਫਲੈਸ਼ ਬੈਕ)

ਰਾਜਵੀਰ ਆਪਣੇ ਭਰਾ ਦੀ ਉਡੀਕ ਕਰ ਰਹੀ ਹੁੰਦੀ ਹੈ ਕਿ ਅਚਾਨਕ ਉਸਦਾ ਫੋਨ ਵੱਜਦਾ ਹੈ।(ਉਹ ਰੱਖੜੀ ਵਾਲੀ ਥਾਲੀ ਸਜ਼ਾ ਕੇ ਬੈਠੀ ਹੁੰਦੀ ਹੈ।)

"ਹੈਲੋ.... ਵੀਰੇ ਤੁਸੀਂ .........!"

"ਮੁਆਫ਼ ਕਰਨਾ ਜੀ ਸਾਨੂੰ ਇਹ ਗੱਲ ਦੱਸਦੇ ਹੋਏ ਬਹੁਤ ਅਫ਼ਸੋਸ ਹੈ ਕਿ ਮੇਜ਼ਰ ਰਾਜਿੰਦਰ ਬੜੀ ਬਹਾਦੁਰੀ ਦਿਖਾਉਂਦੇ ਹੋਏ ਸ਼ਹੀਦ ਹੋ ਗਏ ਹਨ।" ਰਾਜਵੀਰਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਅੱਗੋਂ ਜਵਾਬ ਮਿਲਦਾ ਹੈ। ਪਰੀਤੀ ਦੇ ਹੱਥਾਂ ਵਿੱਚੋਂ ਥਾਲੀ ਛੁੱਟ ਜਾਂਦੀ ਹੈ।

(ਵਾਪਸ)

"ਕੀ..... ਕੀ ਤੁਸੀਂ ਮੇਰੇ ਰੱਖੜੀ ਬਣ ਸਕਦੇ ਹੋ।" ਦੁਕਾਨ ਦੇ ਅੰਦਰੋਂ ਬਾਹਰ ਨਿਕਲਦਾ ਇੱਕ ਮੁੰਡਾ ਆਪਣਾ ਹੱਥ ਰਾਜਵੀਰ ਵੱਲ ਅੱਗੇ ਵਧਾਉਂਦਾ ਹੋਇਆਂ ਬੋਲਦਾ ਹੈ।

"ਸੱਚੀਂ..... ਸੱਚੀਂ ਵੀਰੇ..... ਤੁਸੀਂ ਤੁਸੀਂ ਕਿਤੇ ਮੇਰਾ ਮਜ਼ਾਕ ਤਾਂ ਨਹੀਂ ਉੱਡਾ ਰਹੇ।"

"ਨਹੀਂ ਭੈਣੇ ਨਹੀ ਕਦੇ ਕੋਈ ਵੀਰ ਆਪਣੀ ਭੈਣ ਦਾ ਮਜ਼ਾਕ ਉੱਡਾ ਸਕਦਾ ਹੈ,ਕਦੇ ਵੀ ਨਹੀ।" ਰਾਜਵੀਰ ਉਸ ਵੱਲ ਵੇਖਣ ਲੱਗ ਜਾਂਦੀ ਹੈ।

"ਮੇਰੀ ਵੀ ਭੈਣ ਲੰਮੀ ਬਿਮਾਰੀ ਤੋਂ ਬਾਅਦ ਮੇਰਾ ਪਿਛਲੇ ਸਾਲ ਸਾਥ ਛੱਡ ਗਈ ਸੀ। ਬਦਕਿਸਮਤੀ ਨਾਲ ਉਹ ਦਿਨ ਵੀ ਰੱਖੜੀ ਵਾਲਾ ਹੀ ਸੀ। ਵਾਹਿਗੁਰੂ ਜੀ ਨੇ ਤੇਰੇ ਰੂਪ ਵਿੱਚ ਮੈਨੂੰ ਮੇਰੀ ਸਵੀਟੀ ਵਾਪਸ ਕਰ ਦਿੱਤੀ ਹੈ।" ਉਹ ਆਪਣੀ ਜੇਬ ਵਿੱਚੋਂ ਰੱਖੜੀ ਕੱਢ ਕੇ ਉਸਦੇ ਹੱਥ ਉੱਤੇ ਰੱਖ ਦਿੰਦਾ ਹੈ।

"ਵੀਰੇ.........!" ਰਾਜਵੀਰ ਆਖ ਕੇ ਉਸਦੇ ਗਲੇ ਲੱਗ ਜਾਂਦੀ ਹੈ। ਭੈਣ ਨੂੰ ਭਰਾ ਤੇ ਭਰਾ ਨੂੰ ਭੈਣ ਮਿਲ ਜਾਂਦੀ ਹੈ।

ਸੰਦੀਪ ਦਿਉੜਾ, 8437556667

## ਭਾਗ–8

# ਤਸਵੀਰ ਜ਼ਿੰਦਗੀ ਦੀ...

ਰਾਤ ਨੂੰ ਨਾਨਕ ਨੇ ਮਾਂ ਤੋਂ ਪੈਸੇ ਲੈ ਕੇ ਕਈ ਵਾਰ ਗਿਣੇ....., ਪੂਰਾ ਖੁਸ਼ ਸੀ .....ਹੁੰਦਾ ਵੀ ਕਿਉਂ ਨਾ ਬਾਪੂ ਨੇ ਗੱਲ ਜੋ ਮੰਨ ਲਈ ਸੀ।

ਸਾਰੀ ਰਾਤ ਆਪਣੇ ਨਾਲ ਹੀ ਗੱਲਾਂ ਕਰਦਾ ਰਿਹਾ ਤੇ ਯੋਜਨਾਵਾਂ ਬਣਾਉਂਦਾ ਰਿਹਾ ਪੈਸਿਆਂ ਨਾਲ ਇੰਝ ਕਰਾਂਗਾ, ਉਂਝ ਕਰਾਂਗਾ ਸੋਚਦੇ ਨੂੰ ਕਦੋਂ ਨੀਂਦ ਆ ਗਈ ਪਤਾ ਹੀ ਨਹੀਂ ਚੱਲਿਆ।

ਅੱਜ ਸਵੇਰੇ ਹੀ ਨਾਨਕ ਤਿਆਰ ਹੋ ਗਿਆ ,ਹੁੰਦਾ ਵੀ ਕਿਉਂ ਨਾ ਰਜਿਸਟਰੀ ਜੋ ਕਰਵਾਉਣ ਜਾਣਾ ਸੀ।

(ਦੋਵੇਂ ਦਾਦਾ ਪੋਤਰਾ ਤੇ ਗੁਰਨਾਮ ਜਾਕੇ ਸੱਜਣ ਸਿੰਘ ਦੇ ਨਾਮ ਰਜਿਸਟਰੀ ਕਰਵਾ ਆਏ)

ਤਿੰਨੇ ਜਾਣੇ ਦੁਪਹਿਰ ਨੂੰ ਘਰ ਵਾਪਸ ਆ ਗਏ, ਚਾਹ ਪਾਣੀ ਪੀ ਕੇ ਗੁਰਨਾਮ ਆਪਣੇ ਘਰ ਨੂੰ ਚਲਾ ਗਿਆ। ਅੱਜ ਨਾਨਕ ਦੀ ਖੁਸ਼ੀ ਦਾ ਤਾਂ ਕੋਈ ਟਿਕਾਣਾ ਹੀ ਨਹੀਂ ਸੀ।

"ਲੈ ਪੁੱਤ ਹੁਣ ਮੈਂ ਤੇਰੀ ਗੱਲ ਮੰਨ ਕੇ ਕਿੱਲਾ ਤਾਂ ਵੇਚ ਦਿੱਤਾ, ਹੁਣ ਪੈਸੇ ਖਰਾਬ ਨਾ ਕਰਦੀ,ਕਿਤੇ ਆਪਣੇ ਨਾਲ ਜੱਗ ਹਸਾਈ ਨਾ ਹੋ ਜਾਵੇ। " ਨਾਨਕ ਨੂੰ ਬਾਪੂ ਸਮਝਾਉਣ ਲੱਗ ਜਾਂਦਾ ਹੈ।

"ਬਾਪੂ ਤੂੰ ਭੋਰਾ ਵੀ ਫ਼ਿਕਰ ਨਾ ਕਰ ਮੈਂ ਸਾਰਾ ਕੁਝ ਹੀ ਇਹਨਾਂ ਪੈਸਿਆਂ ਨਾਲ ਠੀਕ ਕਰ ਲੈਣਾ ਹੈ ,ਬਸ ਹੁਣ ਇਹ ਸੋਚ ਆਪਣਾ ਮਾੜਾ ਵਕਤ ਨਿਕਲ ਗਿਆ ਤੇ ਚੰਗਾ ਵਕਤ ਸ਼ੁਰੂ ਹੋ ਗਿਆ........ ਹੁਣ ਤੈਨੂੰ ਐਸ਼ ਕਰਵਾਏਗਾ ਤੇਰਾ ਪੋਤਰਾ..ਤੂੰ ਟੈਨਸਨਾਂ ਤਾਂ ਬਿਲਕੁਲ ਭੁੱਲ ਹੀ ਜਾਹ।

ਇੱਥੇ ਪਵੇਗੀ ਤੇਰੀ ਕੋਠੀ ਤੇ ਆਹ ਥਾਂ ਬਣਾ ਦੇਣਾ ਹੈ ਤੇਰਾ ਕਮਰਾ ਤੇ ਵਿੱਚ ਠੰਡਾ ਰੱਖਣ ਵਾਲਾ ਏ. ਸੀ....... ਇੱਕ ਕੰਧ ਤੇ ਐਲ. ਈ. ਡੀ. ਸਾਰਾ ਦਿਨ ਹੀ ਕੀਰਤਨ ਸੁਣੀ ਗਿਆ। "

"ਨਾਨਕਾ ਤੂੰ ਸੁਪਨੇ ਵੇਖਣੇ ਛੱਡ ਦੇ,....ਤੇ ਸਹੀ ਥਾਂ ਪੈਸੇ ਖਰਚ ਕਰਨ ਦੇ ਬਾਰੇ ਸੋਚ ਕਿਸੇ ਦਾ ਪੱਕਾ ਵੇਖ ਆਪਣਾ ਕੱਚਾ ਨਹੀਂ ਢਾਹ ਦੇਈਦਾ ....ਸ਼ੇਰਾ ਕੱਲ੍ਹ ਨੂੰ ਮੈਨੂੰ ਸ਼ਹਿਰ ਲੈ ਚੱਲ ਆੜ੍ਹੀਏ ਦਾ ਹਿਸਾਬ ਕਰ ਸਾਰਾ ਕਰਜ਼ਾ ਚੁਕਾ ਆਉਦੇਂ ਆ। ਫੇਰ ਬੈਂਕ ਦੀ ਲਿਮਟ ਲਾ ਕੇ ਜੋ ਕੁਝ ਬੱਚ ਜਾਵੇਗਾ ,ਉਸਨੂੰ ਆਪਣੇ ਹਿਸਾਬ ਨਾਲ ਵਰਤ ਲਈ, ਕਰਜ਼ਾ ਉੱਤਰਨ ਤੋਂ ਬਾਅਦ ਸਾਰੀ ਕਮਾਈ ਤੇਰੀ ਹੀ ਹੋਵੇਗੀ ਹੌਲੀ ਹੌਲੀ ਜਿਵੇਂ ਜੀ ਕਰੇ ਕਰੀ ਜਾਵੀਂ। "

"ਬਿਲਕੁਲ ਠੀਕ ਹੈ ਬਾਪੂ ਜੀ ਕੱਲ੍ਹ ਪਹਿਲਾਂ ਸਾਰਿਆਂ ਦਾ ਹਿਸਾਬ ਮੁਕਾ ਦਿੰਦੇ ਹਾਂ ਫੇਰ ਅੱਗੇ ਸੋਚਦੇ ਹਾਂ ਕੀ ਕਰਨਾ ਹੈ....?"

ਅਗਲੇ ਦਿਨ ਸਵੇਰੇ ਹੀ ਚੰਨਣ ਸਿੰਘ ਤੇ ਨਾਨਕ ਸ਼ਹਿਰ ਪਹੁੰਚ ਜਾਂਦੇ ਹਨ।

ਸੇਠ ਚੰਨਣ ਸਿੰਘ ਨੂੰ ਸਵੇਰੇ ਆਉਦੇ ਵੇਖ ਮੁਨੀਮ ਨੂੰ ਆਖਣ ਲੱਗ ਪਿਆ, "ਫੇਰ ਰੁਪਏ ਮੰਗਣ ਤਾਂ ਨਹੀਂ ਆ ਗਏ...... ਇਹ ਦੋਵੇਂ ਦਾਦਾ ਪੋਤਾ ਜਦੋਂ ਵੀ ਆਉਂਦੇ ਹਨ ਰੁਪਏ ਹੀ ਮੰਗਣ ਆਉਂਦੇ ਹਨ, ਯਾਰ ਤੂੰ ਆਪ ਹੀ ਮਨਾਂ ਕਰਦੇ, ਮੇਰੇ ਤੋਂ ਸਵੇਰੇ –ਸਵੇਰੇ ਮੂਡ ਖਰਾਬ ਨਹੀਂ ਹੁੰਦਾ। "

"ਠੀਕ ਹੈਂ ਸੇਠ ਜੀ ਮੈਂ ਆਪੇ ਜਵਾਬ ਦੇ ਦੇਵਾਂਗਾ.... ਤੁਸੀਂ ਬਸ ਚੁੱਪ ਹੀ ਬੈਠਣਾ। " ਮੁਨੀਮ ਸੇਠ ਨੂੰ ਆਖਦਾ ਹੈ।

"ਚੱਲ ਠੀਕ ਹੈ ਮੈਂ ਤਾਂ ਚੁੱਪ ਹਾਂ...। "

"ਸਤਿ ਸ੍ਰੀ ਅਕਾਲ ਸੇਠ ਜੀ ਕੀ ਹਾਲ ਹੈ..... ?"

"ਵਧੀਆ ਹੈ ਸਾਡਾ ਤਾਂ...... ਤੂੰ ਸੁਣਾ ਸਵੇਰੇ– ਸਵੇਰੇ ਦਾਦਾ ਪੋਤਾ ਕਿੱਧਰ ਖਿੱਚੀਆ ਨੇ ਤਿਆਰੀਆਂ ਚੰਨਣ ਸਿੰਘਾਂ। "

"ਅਸੀਂ ਤਾਂ ਕਿੱਥੇ ਜਾਣਾ ਹੈ ਤੁਹਾਡੇ ਕੋਲ ਹੀ ਕੰਮ ਆਏ ਸੀ......!"

" ਉਹ ਤਾਂ ਠੀਕ ਹੈ ਪਰ ਇਨ੍ਹਾਂ ਦਿਨਾਂ ਵਿੱਚ ਪੈਸੇ ਦੀ ਥੋੜੀ ਕਮੀ ਹੋ ਜਾਂਦੀ ਹੈ ਜੇ ਹੋਰ ਕੰਮ ਹੈ ਤਾਂ ਦੱਸੋ...!"

"ਅਸੀਂ ਅੱਜ ਪੈਸੇ ਲੈਣ ਨਹੀਂ ਦੇਣ ਆਏ ਹਾਂ ਸੇਠ ਜੀ ਐਵੇਂ ਕੰਜੂਸੀਆਂ ਨਾ ਮਾਰੀ ਜਾਇਆ ਕਰੋ। ਨਾਲੇ ਜੇ ਪੈਸੇ ਲੈਂਦੇ ਵੀ ਆ ਤਾਂ ਵਿਆਜ਼ ਵੀ ਮੂੰਹ ਮੰਗਵਾ ਹੀ ਭਰਦੇ ਹਾਂ..... ਕੋਈ ਖੁਸ਼ੀ ਨਾਲ ਕਰਜ਼ਾਈ ਨਹੀਂ ਹੁੰਦਾ. ...!" ਨਾਨਕ ਗੁੱਸੇ ਵਿੱਚ ਬੋਲਿਆਂ।

"ਉਏ ਨਾਨਕਾ ਗੁੱਸੇ ਕਾਹਤੋਂ ਹੁੰਦਾ ਹੈ ਆ ਜਾਹ ਅੰਦਰ ਆ ਜਾਹ ....... ..........ਨਾਲੇ ਦੱਸ ਠੰਡਾ ਪੀਵੇਗਾ ਜਾਂ ਗਰਮ . .........!"

"ਮੁਨੀਮ ਜੀ ਠੰਡਾ ਹੀ ਮੰਗਵਾ ਦਿਉ ਗਰਮ ਤਾਂ ਪਹਿਲਾਂ ਹੀ ਬਹੁਤ ਹੋਇਆ ਪਿਆ। "

"ਨਾਲੇ ਹੁਣ ਦੱਸੋ ਕਿਵੇਂ ਆਏ ਹੋ....!"

"ਸੇਠ ਜੀ ਪੀਣਾ ਤਾਂ ਕੁਝ ਨਹੀਂ ,ਤੁਸੀਂ ਸਾਡਾ ਖਾਤਾ ਮੰਗਵਾ ਲਵੋ, ਹਿਸਾਬ ਕਰਨਾ ਹੈ ਜੀ। "

"ਮੁਨੀਮ ਜੀ ਦੱਸੋ ਜੀ



ਹੁਣ ਤੱਕ ਦਾ ਕੀ ਹਿਸਾਬ ਬਣਦਾ ਹੈ। "ਚੰਨਣ ਸਿੰਘ ਵੱਲ ਮੁਨੀਮ ਨੂੰ ਦੁਬਾਰਾ ਪੁੱਛਦਾ ਹੈ।

( ਮੁਨੀਮ ਸਾਰਾ ਹਿਸਾਬ ਕਰਕੇ)

"ਹੁਣ ਤੱਕ ਜੀ ਵੀਹ ਲੱਖ ਸਤਾਈ ਹਜ਼ਾਰ ਪੰਜ ਸੌ ਤੇਰਾਂ ਰੁਪਏ ਵਿਆਜ ਜੋੜ ਕੇ ਬਣਦੇ ਹਨ। "

" ਮਾਰ ਦਿਉ ਜੀ ਫਿਰ ਲਕੀਰ ਤੇ ਹੁਣ ਤੱਕ ਦਾ ਮੁਕਾ ਦਿਉ ਹਿਸਾਬ ਜੀ। "ਨਾਨਕ ਬੋਲਿਆ।

"ਅਸੀਂ ਤਾਂ ਵੀਹ ਲੱਖ ਹੀ ਦੇਵਾਂਗੇ। " ਚੰਨਣ ਸਿੰਘ ਨੇ ਮੁਨੀਮ ਨੂੰ ਆਖਿਆ। "

" ਐਨਾ ਘਾਟਾ ਨਾ ਪਾਉ ਯਾਰ.....!"

" ਸੇਠ ਜੀ ਇੱਕ ਮੁਠ ਪੈਸੇ ਦੇਈ ਜਾਣੇ ਹਾਂ, ਨਾਲੇ ਆ ਸਾਰੇ ਵਿਆਜ ਦੇ ਹੀ ਹਨ ਮੂਲ ਤਾ ਤਿੰਨ ਚਾਰ ਲੱਖ ਹੀ ਸੀ। "

"ਉਏ ਕਿਤੇ ਡਾਕਾ ਤਾਂ ਨਹੀਂ ਮਾਰਿਆਂ...... ਹੋਕੇ ਕਿਤੇ ਫਸਾ ਦਿਉ .....!"ਸੇਠ ਹੱਸ ਕੇ ਬੋਲਿਆ ।

" ਤੁਸੀਂ ਕੀ ਲੈਣਾ ਹੈ ਸੇਠ ਜੀ ਤੁਹਾਨੂੰ ਤੁਹਾਡੀ ਰਕਮ ਮਿਲ ਗਈ, ਅਸੀਂ ਕਿਵੇਂ ਮਰਜ਼ੀ ਇਕੱਠੀ ਕੀਤੀ ਹੋਵੇ ,ਤੁਸੀਂ ਤਾਂ ਖੁਸ਼ ਹੋਵੋ। "

"ਖੁਸ਼ੀ ਕਾਹਦੀ ਨਾਨਕਾ ਜੇ ਇੰਝ ਹੀ ਸਾਰੇ ਪੈਸੇ ਵਾਪਸ ਦੇਣ ਲੱਗ ਗਏ ਤਾਂ ਅਸੀਂ ਕਮਾਵਾਂਗੇ ਕਿਵੇਂ..? "

"ਵਾਹ ਸੇਠ ਜੀ ਜੇ ਮੰਗਦੇ ਹਾਂ ਤਾਂ ਵੀ ਔਖੇ ਜੇ ਮੋੜਦੇ ਹਾਂ ਤਾਂ ਵੀ..... ਤੁਹਾਡੀ ਨਾ ਸਮਝ ਆਈ ਕਿਸੇ ਨੂੰ। "

" ਚਲੋ ਬਹੁਤ ਹੀ ਵਧੀਆ ਚੰਨਣ ਸਿੰਘ ਜੀ ਹਿਸਾਬ ਤਾਂ ਸਾਫ਼ ਹੋ ਗਿਆ ਪਰ ਆਉਂਦੇ ਜਾਂਦੇ ਰਹਿਣਾ ਤੁਹਾਡੀ ਆਪਣੀ ਹੀ ਦੁਕਾਨ ਹੈ। "

( ਹਿਸਾਬ ਮੁਕਾ ਕੇ ਦੋਵੇਂ ਜਾਣੇ ਬੈਂਕ ਚਲੇ ਜਾਂਦੇ ਹਨ, ਪੰਜ ਲੱਖ ਦਾ ਕਰਜ਼ਾ ਚੁਕਾ ਕੇ ਦੁਬਾਰਾ ਲਿਮਟ ਬਣਵਾ ਲੈਂਦੇਂ ਹਨ)

"ਚੱਲ ਪੁੱਤ ਨਾਨਕਾ ਹੁਣ ਹੋਏ ਕਰਜ਼ੇ ਤੋਂ ਤਾਂ ਫਾਰਗ,ਹੁਣ ਤੂੰ ਹੀ ਦੇਖ ਕੀ ਕਰਨਾ ਹੈਂ। "

"ਬਾਪੂ ਇੱਕ ਤਾਂ ਬੰਬੀ ਲਗਵਾਉਂਦੇ ਹਾਂ, ਫਿਰ ਘਰ ਦਾ ਕਰਦੇ ਹਾਂ ਤੇ ਕੁੜੀਆਂ ਲਈ ਚੰਗੇ ਮੁੰਡੇ ਵੇਖ ਵਿਆਹ ਕਰ ਦਿੰਦੇ ਹਾਂ। "

"ਠੀਕ ਹੈਂ ਪੁੱਤ ਪਰ ਕੁਝ ਵੀ ਕਰਨ ਤੋਂ ਪਹਿਲਾਂ ਆਪਣੀ ਮਾਂ ਨਾਲ ਰਾਇ ਜਰੂਰ ਕਰ ਲਈ....!

"ਠੀਕ ਹੈ ਬਾਪੂ.......!"

( ਕਦੋਂ ਗੱਲਾਂ ਕਰਦੇ –ਕਰਦੇ ਘਰ ਪਹੁੰਚ ਜਾਦੇ ਹਨ ਪਤਾ ਹੀ ਨਹੀਂ ਲੱਗਾ)

"ਬਾਪੂ ਜੀ ਚਾਹ ਕਰਾਂ ਕੇ ਰੋਟੀ ਖਾਣੀ ਹੈਂ......?"

" ਪੁੱਤ ਰੋਟੀ ਹੀ ਲੈ ਆ ਭੁੱਖ ਲੱਗੀ ਹੈ। "

( ਦੋਵੇ ਜਾਣੇ ਰੋਟੀ ਖਾਣ ਲੱਗ ਜਾਂਦੇ ਹਨ)

"ਸੀਤੋ ਉਂਝ ਤਾਂ ਅੱਜ ਐਂ ਲੱਗਦਾ ਹੈ ਜਿਵੇਂ ਸਿਰ ਤੋਂ ਪਹਾੜ ਹੀ ਉਤਰ ਗਿਆ ਹੋਵੇ, ਹਲਕਾ– ਹਲਕਾ ਲੱਗ ਰਿਹਾ ਹੈ, ਅੱਜ ਆਇਆ ਹੈ ਸਾਹ ਵਿੱਚ ਸਾਹ.....!"

"ਚਲੋ ਜੋ ਦਾਤਾ ਕਰਦਾ ਹੈ ਚੰਗੇ ਲਈ ਹੀ ਕਰਦਾ ਹੈ...... ਮੈਂ ਤਾਂ ਪਹਿਲਾਂ ਹੀ ਕਹਿੰਦੀ ਸੀ ਮੇਰਾ ਨਾਨਕ ਜਰੂਰ ਘਰ ਦੇ ਦਿਨ ਫੇਰੇਗਾ ਇੱਕ ਦਿਨ......!"

" ਮਾਂ ਕੱਲ੍ਹ ਨੂੰ ਬੰਬੀ ਲਗਾਉਣ ਵਾਲੇ ਨੂੰ ਸੱਦ ਕੇ ਖਰਚ ਬਾਰੇ ਪੁੱਛ ਲਵਾਂ। "

"ਹਾਂ ਪੁੱਤ ਜਦੋਂ ਲਗਵਾਉਣੀ ਹੀ ਹੈ ਫੇਰ ਦੇਰ ਕਾਹਤੋਂ ਕਰਨੀ ਹੈ। "

"ਚੱਲ ਠੀਕ ਹੈ ਨਾਲੇ ਕਹਿੰਦੇ ਨੇ ਬੁੱਧਵਾਰ ਕੰਮ ਸ਼ੁਰੂ ਕੀਤਾ ਵਧੀਆਂ ਹੁੰਦਾ ਹੈ। "ਨਾਨਕ ਬੋਲਿਆ।

"ਨਾਨਕਾ ਇੱਕ ਗੱਲ ਮੈਂ ਵੀ ਬੋਲਾਂ...!"

"ਹਾਂ ਬੇਬੇ ਬੋਲ.......!"

" ਪੁੱਤ ਜਦੋਂ ਮੈਂ ਖੇਤ ਵਿੱਚ ਕੋਠੜੀ ਵੇਖਦੀ ਹਾਂ ਤਾਂ ਮੇਰੀਆਂ ਧਾਹਾਂ ਨਿਕਲ ਜਾਦੀਆਂ ਹਨ,ਉੱਥੇ ਮੇਰੇ ਮੱਘਰ ਨੇ ਦਵਾਈ ਪੀਤੀ ਸੀ.....!"

(ਸੀਤੋ ਅੱਖਾਂ ਭਰ ਲੈਂਦੀ ਹੈ)

"ਬੇਬੇ ਕਾਹਤੋਂ ਮਨ ਖਰਾਬ ਕਰਦੀ ਹੈਂ,"ਰਾਣੋ ਬੋਲਦੀ ਹੈ, .... ਤੂੰ ਗੱਲ ਕਰ ਨਾਨਕ ਨਾਲ ਕੀ ਕਰਨੀ ਹੈਂ।

"ਪੁੱਤ ਉਹ ਕੋਠੜੀ ਢਾਹ ਦੇ......!"

"ਪਰ ਬੰਬੀ ਲਗਵਾਉਣੀ ਹੈ ਫਿਰ ਕੋਠੜੀ ਦੀ ਲੋੜ ਹੋਵੇਗੀ," ਪਰੀਤੋ ਬੋਲੀ।

"ਤੁਸੀਂ ਦੋਵੇ ਚੁੱਪ ਕਰ ਜਾਉ ਬੇਬੇ ਨੂੰ ਵੀ ਗੱਲ ਪੂਰੀ ਕਰ ਲੈਣ ਦਿਉ..... ਵੀਰਪਾਲ ਉਹਨਾਂ ਨੂੰ ਟੋਕਦੇ ਹੋਏ ਬੋਲਦੀ ਹੈ।


"ਬੰਬੀ ਲਈ ਆਪਾਂ ਨਵੀਂ ਕੋਠੜੀ ਪਾ ਦੇਈਏ ਨਾਨਕਾ.....!"

" ਬਸ ਬੇਬੇ ਆਹ ਗੱਲ ਹੈਂ ਕੱਲ੍ਹ ਮੈਂ ਆਪ ਜਾਕੇ ਢਾਹ ਦੇਵਾਂਗਾ ਕੋਠੜੀ ਤੇ ਬੰਬੀ ਲਈ ਨਵੀਂ ਪਾ ਲਵਾਂਗੇ। ਬਸ ਤੂੰ ਐਵੇਂ ਮਨ ਨਾ ਖਰਾਬ ਕਰਿਆ ਕਰ..... ਬਸ ਤੁਸੀਂ ਖੁਸ਼ ਰਿਹਾ ਕਰੋ..... ਉਹ ਬੁਰੇ ਦਿਨ ਸੀ ਜਿਹੜੇ ਬੀਤ ਗਏ। ਨਾਲੇ ਮਾਂ ਬਾਕੀ ਆ ਪੈਸੇ ਵੀ ਅੰਦਰਲੇ ਪੈਸਿਆਂ ਨਾਲ ਹੀ ਰੱਖ ਲੈ। "

ਵੀਰਪਾਲ ਪੈਸੇ ਲੈਕੇ ਅੰਦਰ ਰੱਖਣ ਲਈ ਚਲੀ ਜਾਂਦੀ ਹੈ।

ਚੱਲਦਾ......

ਸੰਦੀਪ ਦਿਉੜਾ,
84375-56667



# ਸਿੱਖਣ ਦੀ ਕੋਈ ਉਮਰ ਨਹੀਂ



ਨਵਾਂ ਗਿਆਨ ਪ੍ਰਾਪਤ ਕਰਨ ਦੀ ਪ੍ਰਕਿਰਿਆ ਨੂੰ ਸਿੱਖਣਾ ਆਖਦੇ ਹਨ। ਸਿੱਖਣਾ ਸੁਭਾਵਿਕ ਹੈ ਅਤੇ ਸਿੱਖਣ ਦੀ ਪ੍ਰਕਿਰਿਆ ਨਿਰੰਤਰ ਚੱਲਦੀ ਰਹਿੰਦੀ ਹੈ। ਅਸੀਂ ਆਪਣੇ ਨਿੱਤ ਦੇ ਜੀਵਨ ਵਿੱਚ ਵਿਚਰਦੇ ਲਗਾਤਾਰ ਕੁਝ ਨਾ ਕੁਝ ਸਿੱਖਦੇ ਹੀ ਰਹਿੰਦੇ ਹਾਂ। ਅਸਲ ਵਿੱਚ ਤੁਰਦੇ ਰਹਿਣ ਦਾ ਨਾਮ ਹੀ ਜ਼ਿੰਦਗੀ ਹੈ ਤੇ ਰੁਕਣ ਦਾ ਨਾਮ ਮੌਤ ਹੈ। ਤੁਰਨਾ ਅਤੇ ਤੁਰਦੇ ਰਹਿਣਾ ਹੀ ਜ਼ਿੰਦਗੀ ਦਾ ਆਧਾਰ ਹੈ। ਜੋ ਤੁਰੇਗਾ ਉਹ ਡਿੱਗੇਗਾ ਵੀ, ਠੇਡੇ ਵੀ ਖਾਏਗਾ ਤੇ ਡਿੱਗ ਕੇ ਮੁੜ ਪੈਰਾਂ ਸਿਰ ਵੀ ਹੋ ਜਾਵੇਗਾ। ਇਸ ਲਈ ਜ਼ਿੰਦਗੀ ਵਿੱਚ ਤੁਰਦੇ ਰਹਿਣ ਨਾਲ ਇਨਸਾਨ ਕੁਝ ਨਾ ਕੁਝ ਸਿੱਖਦਾ ਹੀ ਹੈ ਤੇ ਜ਼ਿੰਦਗੀ ਨੂੰ ਖ਼ੂਬਸੂਰਤ ਅਤੇ ਗਤੀਸ਼ੀਲ ਬਣਾਉਣ ਲਈ ਸਿੱਖਣਾ ਬਹੁਤ ਜ਼ਰੂਰੀ ਹੈ। ਜ਼ਿੰਦਗੀ ਦੇ ਹਰ ਮੋੜ 'ਤੇ ਇਨਸਾਨ ਕੁਝ ਨਾ ਕੁਝ ਸਿੱਖਦਾ ਹੈ। ਸਿੱਖਣ ਦਾ ਸਫ਼ਰ ਜ਼ਿੰਦਗੀ ਦੇ ਸਫ਼ਰ ਦੇ ਨਾਲ ਹੀ ਸ਼ੁਰੂ ਹੁੰਦਾ ਹੈ ਤੇ ਜ਼ਿੰਦਗੀ ਦੇ ਨਾਲ ਹੀ ਖ਼ਤਮ ਹੋ ਜਾਂਦਾ ਹੈ। ਜੋ ਸਬਕ ਸਾਨੂੰ ਜ਼ਿੰਦਗੀ ਸਿੱਖਾ ਦਿੰਦੀ ਹੈ ਉਹ ਸਬਕ ਇਨਸਾਨ ਨੂੰ ਹੋਰ ਕੋਈ ਨਹੀਂ ਸਿੱਖਾ ਸਕਦਾ।

ਪਰ ਕਈ ਵਾਰ ਅਸੀਂ ਆਪਣੇ ਸ਼ੌਂਕ, ਆਪਣੀਆਂ ਇੱਛਾਵਾਂ ਨੂੰ ਇਹੀ ਸੋਚ ਕੇ ਮਾਰ ਲੈਂਦੇ ਹਾਂ ਕਿ ਹੁਣ ਉਸ ਕੰਮ ਨੂੰ ਕਰਨ ਦੀ ਜਾਂ ਸਿੱਖਣ ਦੀ ਸਾਡੀ ਉਮਰ ਨਹੀਂ ਰਹੀ ਪਰ ਇਹ ਸਾਡੀ ਗਲਤ ਸੋਚ ਹੈ। ਸਿੱਖਣ ਦੀ ਕੋਈ ਉਮਰ ਨਹੀਂ ਹੁੰਦੀ। ਸਿੱਖਣ ਲਈ ਕਦੇ ਸ਼ਰਮ ਨਹੀਂ ਕਰਨੀ ਚਾਹੀਦੀ। ਜਿਸ ਵੀ ਇਨਸਾਨ ਤੋਂ ਜੋ ਕੁਝ ਵੀ ਸਿੱਖਣ ਨੂੰ ਮਿਲੇ ਸਿੱਖ ਲੈਣਾ ਚਾਹੀਦਾ ਹੈ। ਸਿੱਖਣ ਦਾ ਨਾ ਤਾਂ ਕੋਈ ਸਮਾਂ ਹੁੰਦਾ ਹੈ ਤੇ ਨਾ ਹੀ ਉਮਰ, ਜਦੋਂ ਵੀ ਮੌਕਾ ਮਿਲੇ ਕੁਝ ਸਿੱਖਣ ਦਾ ਤਾਂ ਸਿੱਖ ਲੈਣਾ ਚਾਹੀਦਾ ਹੈ। ਇਨਸਾਨ ਆਪਣੇ ਆਖਰੀ ਸਾਹਾਂ ਤੱਕ ਸਿੱਖਦਾ ਹੀ ਹੈ ਪਰ ਅਸੀਂ ਅਕਸਰ ਵੱਧਦੀ ਉਮਰ ਦੇ ਨਾਲ ਆਪਣੀ ਸਿੱਖਣ ਦੀ ਇੱਛਾ ਨੂੰ ਖ਼ਤਮ ਕਰ ਦਿੰਦੇ ਹਾਂ ਤੇ ਆਪਣੀਆਂ ਸੱਧਰਾਂ ਨੂੰ ਆਪਣੇ ਅੰਦਰ ਹੀ ਦਬਾ ਲੈਂਦੇ ਹਾਂ।

ਹਰ ਸਵੇਰ ਇੱਕ ਨਵੀਂ ਉਮੀਦ, ਇੱਕ ਨਵੀਂ ਸੋਚ ਲੈ ਕੇ ਆਉਂਦੀ ਹੈ। ਇਹ ਸਾਡੇ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਉਸ ਨਵੀਂ ਸੋਚ ਨੂੰ ਅਪਨਾ ਸੂਰਜ ਵਾਂਗ ਚਮਕਣਾ ਹੈ ਜਾਂ ਫਿਰ ਢੇਰੀ ਢਾਹ ਨੀਰਸਤਾ ਭਰੀ ਜ਼ਿੰਦਗੀ ਬਿਤਾਉਣੀ ਹੈ। ਜ਼ਿੰਦਗੀ ਸਾਨੂੰ ਹਰ ਪਲ ਨਵਾਂ ਸਬਕ ਸਿਖਾਉਂਦੀ ਹੈ। ਜ਼ਿੰਦਗੀ ਅਸਲ ਵਿੱਚ ਉਨ੍ਹਾਂ ਦੀ ਹੀ ਹੈ ਜੋ ਇਸਨੂੰ ਜਿਉਣਾ ਜਾਣਦੇ ਹਨ। ਕਿਸੇ ਕੰਮ ਨੂੰ ਸਿੱਖਣ ਨਾਲ ਉਮਰ ਦਾ ਕੋਈ ਸਬੰਧ ਨਹੀਂ ਹੈ ਇਹ ਤਾਂ ਤੁਹਾਡੀ ਮਾਨਸਿਕ ਸ਼ਕਤੀ 'ਤੇ ਨਿਰਭਰ ਕਰਦਾ ਹੈ ਕਿ ਤੁਹਾਡੇ ਅੰਦਰ ਸਿੱਖਣ ਦੀ ਤਾਂਘ ਕਿੰਨੀ ਕੁ ਹੈ। ਜ਼ਿੰਦਗੀ ਤਾਂ ਕਿਸੇ ਵੀ ਮੋੜ ਤੋਂ ਸ਼ੁਰੂ ਕੀਤੀ ਜਾ ਸਕਦੀ ਹੈ। ਬੱਸ ਜ਼ਿੰਦਗੀ ਜਿਉਣ ਦਾ ਜ਼ਜਬਾ ਹੋਣਾ ਜ਼ਰੂਰੀ ਹੈ। ਜਿਸ ਇਨਸਾਨ ਅੰਦਰ ਕੁਝ ਕਰਨ ਦੀ, ਕੁਝ ਬਨਣ ਦੀ ਇੱਛਾ ਹੁੰਦੀ ਹੈ ਉਹ ਜ਼ਿੰਦਗੀ ਦੇ ਕਿਸੇ ਵੀ ਮੋੜ 'ਤੇ ਬੁਲੰਦੀਆਂ ਛੂਹ ਸਕਦਾ ਹੈ ਬੱਸ ਲੋੜ ਹੈ ਕਿ ਸਿੱਖਣ ਦੀ ਚਾਹਤ ਕਦੇ ਖਤਮ ਨਾ ਹੋਵੇ। ਅਸਲ ਵਿੱਚ ਕੁਝ ਨਵਾਂ ਸਿੱਖਣ ਦੀ ਆਦਤ ਜ਼ਿੰਦਗੀ ਜਿਊਣ ਦੀ ਚਾਹਤ ਨੂੰ ਨਰੋਆ ਰੱਖਦੀ ਹੈ ।

ਜਸਪ੍ਰੀਤ ਕੌਰ ਸੰਘਾ
ਹੁਸ਼ਿਆਰਪੁਰ
99150-33176



# ਮਾੜੀ ਕਿਸਮਤ



ਕਿਸੇ ਪਿੰਡ ਵਿੱਚ ਵਿਆਹ ਸ਼ਾਦੀ ਦਾ ਪ੍ਰੋਗਰਾਮ ਚੱਲ ਰਿਹਾ ਸੀ ਕਿ ਸਰਪੰਚ ਨੇ ਸਟੇਜ਼ ਤੋਂ ਘੋਸ਼ਣਾ ਕੀਤੀ, "ਜੇ ਕਿਸੇ ਨੂੰ ਇਸ ਵਿਆਹ 'ਤੇ ਕੋਈ ਇਤਰਾਜ਼ ਆ ਤਾਂ ਹੁਣ ਸਾਹਮਣੇ ਆ ਕੇ ਕਹਿ ਦੇਵੇ। ਵਿਆਹ ਦੋ ਜ਼ਿੰਦਗੀਆਂ ਦਾ ਸਵਾਲ ਹੁੰਦਾ ਆ, ਇਸ ਲਈ ਬਾਅਦ ਵਿੱਚ ਐਵੇਂ ਗੱਲਾਂ ਕਰਨ ਦਾ ਕੋਈ ਫਾਇਦਾ ਨਈਂ। " ਇਹ ਸੁਣ ਕੇ ਬਰਾਤੀਆਂ ਦੇ ਪਿੱਛੇ ਖੜ੍ਹੀ ਇੱਕ ਮੁਟਿਆਰ ਕੁੱਛੜ ਬੱਚਾ ਚੁੱਕੀ ਅੱਗੇ ਆ ਗਈ। ਉਸ ਨੂੰ ਵੇਖ ਕੇ ਸਾਰੇ ਲੋਕਾਂ ਵਿੱਚ ਖੁਸਰ ਫੁਸਰ ਹੋਣ ਲੱਗ ਪਈ ਤੇ ਗੁੱਸੇ ਵਿੱਚ ਆਈ ਲਾੜ੍ਹੀ ਨੇ ਲਾੜ੍ਹੇ ਦੇ ਥੱਪੜ ਜੜ ਦਿੱਤਾ। ਲਾੜ੍ਹੀ ਦਾ ਪਿਉ ਬੰਦੂਕ ਲੈਣ ਲਈ ਦੌੜ ਗਿਆ ਤੇ ਮਾਂ ਨੇ ਜ਼ਹਿਰ ਖਾਣ ਲਈ ਬੋਤਲ ਕੱਢ ਲਈ। ਸਾਰੇ ਪਾਸੇ ਅਫਰਾ ਤਫਰੀ ਮੱਚ ਗਈ। ਸਰਪੰਚ ਨੇ ਮੌਕਾ ਸਾਂਭਦੇ ਹੋਏ ਮੁਟਿਆਰ ਨੂੰ ਪੁੱਛਿਆ, "ਦੱਸ ਕੁੜੀਏ ਤੈਨੂੰ ਕੀ ਇਤਰਾਜ਼ ਆ?" ਮੁਟਿਆਰ ਬੋਲੀ, "ਮੈਨੂੰ ਤਾਂ ਕੋਈ ਇਤਰਾਜ਼ ਨਈਂ। ਉਹ ਤਾਂ ਤੁਹਾਡੀ ਅਵਾਜ਼ ਪਿੱਛੇ ਚੰਗੀ ਤਰ੍ਹਾਂ ਸੁਣਾਈ ਨਹੀਂ ਸੀ ਦੇ ਰਹੀ, ਇਸ ਲਈ ਮੈਂ ਅੱਗੇ ਆ ਗਈ। "

ਬਲਰਾਜ ਸਿੰਘ ਸਿੱਧੂ ਏ.ਆਈ.ਜੀ.
ਪੰਡੋਰੀ ਸਿੱਧਵਾਂ 9501100062



# ਪੇਕੇ ਵਾਲਿਆਂ ਦਾ ਵੱਟਸਐਪ ਗਰੁੱਪ




ਗੇਂਦਾ ਸਿੰਘ ਦੀ ਪਤਨੀ ਗੁਲਾਬੋ ਨੇ ਆਪਣੇ ਪੇਕੇ ਵਾਲਿਆਂ ਦਾ ਵੱਟਸਐਪ ਗਰੁੱਪ ਬਣਾਇਆ ਹੋਇਆ ਸੀ। ਜਦੋਂ ਵੀ ਉਸ ਦਾ ਪਤੀ ਨਾਲ ਝਗੜਾ ਹੁੰਦਾ ਤਾਂ ਉਸ ਇਸ ਦੀ ਸ਼ਿਕਾਇਤ ਗਰੁੱਪ 'ਤੇ ਕਰ ਦੇਂਦੀ। ਇੱਕ ਦਿਨ ਉਸ ਦੀ ਪਤੀ ਨਾਲ ਕੁਝ ਜਿਆਦਾ ਹੀ ਲੜਾਈ ਹੋ ਗਈ ਤਾਂ ਉਸ ਨੇ ਇਸ ਦੀ ਸ਼ਿਕਾਇਤ ਗਰੁੱਪ 'ਤੇ ਕਰ ਦਿੱਤੀ? ਉਸ ਦੇ ਭਰਾ ਦਾ ਮੈਸੇਜ਼ ਆਇਆ, "ਭੈਣ ਤੂੰ ਚਿੰਤਾ ਨਾ ਕਰ, ਅਜੇ ਤੇਰਾ ਭਰਾ ਜ਼ਿੰਦਾ ਆ। ਜੀਜੇ ਨੂੰ ਛਿੱਤਰ ਫੇਰ ਕੇ ਬੰਦੇ ਦਾ ਪੁੱਤ ਬਣਾ ਦੇਵਾਂਗਾ। " ਮਾਂ ਨੇ ਕਿਹਾ, "ਮੇਰੀ ਫੁੱਲ ਵਰਗੀ ਧੀ ਮੈਂ ਕਿਸ ਲੀਚੜ ਨਾਲ ਵਿਆਹ ਦਿੱਤੀ ਆ। ਬਣਾਉਂਦੇ ਆਂ ਇਸ ਨੂੰ ਬੰਦੇ ਦਾ ਪੁੱਤ। " ਭੈਣ ਦਾ ਦਾ ਮੈਸੇਜ਼, "ਜੀਜਾ ਤਾਂ ਹੈ ਈ ਕਮੀਨਾ, ਮੈਂ ਤਾਂ ਪਹਿਲਾਂ ਈ ਕਿਹਾ ਸੀ। " ਪਿਉ ਦਾ ਮੈਸੇਜ਼, "ਤੂੰ ਪਹਿਲੀ ਬੱਸ 'ਤੇ ਇਥੇ ਪਹੁੰਚ ਜਾ। ਲੈਣ ਆਊ ਤਾਂ ਸਾਲੇ ਨੂੰ ਮਾਰ ਮਾਰ ਕੇ ਬਾਂਦਰ ਬਣਾ ਦਿਆਂਗੇ। " ਭਤੀਜਾ ਵੀ ਨਵਾਂ ਨਵਾਂ ਜਵਾਨ ਹੋਇਆ ਸੀ, "ਪ੍ਰਵਾਹ ਨਾ ਕਰ ਭੂਆ, ਦੋ ਚਾਰ ਡੰਡੇ ਤਾਂ ਫੁੱਫੜ ਦੇ ਮੈਂ ਵੀ ਰਸੀਦ ਕਰ ਦੇਵਾਂਗਾ। " ਇਹ ਸਾਰੇ ਮੈਸੇਜ਼ ਵੇਖ ਕੇ ਗੁਲਾਬੋ ਦੀ ਭਰਜਾਈ ਨੇ ਸੋਚਿਆ ਕਿ ਕਿਤੇ ਉਹ ਉਹ ਸੱਚੀਂ ਹੀ ਨਾ ਪੇਕੇ ਆਣ ਵੜੇ। ਉਸ ਨੇ ਮੈਸੇਜ਼ ਕੀਤਾ, "ਗੁਲਾਬੋ ਇਹ ਤਾਂ ਚੱਲਦਾ ਈ ਰਹਿੰਦਾ ਆ ਘਰਾਂ ਵਿੱਚ। ਜਿੱਥੇ ਦੋ ਭਾਂਡੇ ਹੋਣਗੇ, ਖੜਕਣਗੇ ਈ। ਇਥੇ ਆਉਣ ਦੀ ਲੋੜ ਨਹੀਂ, ਤੇਰਾ ਭਰਾ ਕਿਹੜਾ ਘੱਟ ਆ। "

ਬਲਰਾਜ ਸਿੰਘ ਸਿੱਧੂ ਏ.ਆਈ.ਜੀ., ਪੰਡੋਰੀ ਸਿੱਧਵਾਂ 9501100062

# ਬੈਂਡ ਗਰਲਜ਼

## ਚਾਰ ਦਿਨਾਂ ਦੀ ਚਾਂਦਨੀ..!

ਚਰਨਜੀਤ ਭੁੱਲਰ

ਚੰਡੀਗੜ੍ਹ : ਪੰਜਾਬ ਵਿਚ ਹੁਣ 'ਬੈਂਡ ਗਰਲਜ਼' ਦੀ ਵੁੱਕਤ ਘਟੀ ਹੈ ਜਿਨ੍ਹਾਂ ਦਾ ਲੜ ਫੜ ਕੇ ਨੌਜਵਾਨ ਵਿਦੇਸ਼ ਪੱਕਾ ਹੋਣ ਦਾ ਅਰਮਾਨ ਪਾਲਦੇ ਸਨ। ਵਕਤ ਨੂੰ ਹੁਣ ਮੋੜਾ ਪਿਆ ਹੈ। ਜਿਨ੍ਹਾਂ ਬਾਰ੍ਹਵੀਂ ਪਾਸ ਲੜਕੀਆਂ ਦੇ ਪੱਲੇ



ਆਇਲਸ (ਆਇਲੈਟਸ) ਦੇ ਬੈਂਡ ਵੀ ਹਨ, ਪਰ ਉਨ੍ਹਾਂ ਨੂੰ ਵਿਦੇਸ਼ ਪੜ੍ਹਾਈ ਦਾ ਕੋਈ ਖਰਚਾ ਚੁੱਕਣ ਵਾਲਾ ਲੜਕਾ ਨਹੀਂ ਲੱਭ ਰਿਹਾ ਹੈ। ਕੈਨੇਡਾ ਨੇ ਨਿਯਮਾਂ 'ਚ ਸਖ਼ਤੀ ਕਰਕੇ ਵਿਦੇਸ਼ ਉਡਾਰੀ ਦੀਆਂ ਸੱਧਰਾਂ ਨੂੰ ਮਧੋਲਿਆ ਹੈ। ਕੋਈ ਸਮਾਂ ਸੀ ਜਦੋਂ ਬਾਰ੍ਹਵੀਂ ਪਾਸ ਆਇਲਸ ਬੈਂਡ ਪ੍ਰਾਪਤ ਲੜਕੀ ਲਈ ਕਤਾਰ ਲੱਗ ਜਾਂਦੀ ਸੀ। ਸਮੁੱਚੇ ਪੰਜਾਬ 'ਚ ਇਹ ਰੁਝਾਨ ਰਿਹਾ ਹੈ ਕਿ ਆਇਲਸ ਬੈਂਡ ਵਾਲੀਆਂ ਲੜਕੀਆਂ ਦੇ ਮਾਪੇ ਓਦਾਂ ਦਾ ਵਰ ਤਲਾਸ਼ਦੇ ਸਨ ਜਿਹੜੇ ਲੜਕੀ ਦੀ ਵਿਦੇਸ਼ ਪੜ੍ਹਾਈ ਦਾ ਖਰਚਾ ਚੁੱਕਣ ਨੂੰ ਤਿਆਰ ਹੁੰਦੇ ਸਨ। ਕੈਨੇਡਾ ਨੇ ਹੁਣ ਇਹ ਲਾਜ਼ਮੀ ਕਰ ਦਿੱਤਾ ਹੈ ਕਿ ਵਿਦੇਸ਼ ਪੜ੍ਹਾਈ ਕਰਨ ਵਾਲੀ ਗਰੈਜੂਏਟ ਲੜਕੀ ਹੀ ਆਪਣੇ ਜੀਵਨ ਸਾਥੀ ਨੂੰ ਵਿਦੇਸ਼ ਬੁਲਾ ਸਕੇਗੀ। ਨਤੀਜਾ ਇਹ ਨਿਕਲਿਆ ਹੈ ਕਿ ਬੈਂਡਾਂ ਵਾਲੀਆਂ ਬਾਰ੍ਹਵੀਂ ਪਾਸ ਲੜਕੀਆਂ ਨੂੰ ਅਜਿਹੇ ਵਰ ਨਹੀਂ ਮਿਲ ਰਹੇ ਹਨ। ਹੁਣ ਗਰੈਜੂਏਟ ਲੜਕੀਆਂ ਦੀ ਪੁੱਛ ਵਧੀ ਹੈ।



ਮੋਗਾ ਦੇ ਪਿੰਡ ਸੈਦੋਕੇ ਦਾ ਮੈਰਿਜ ਬਿਊਰੋ ਚਾਲਕ ਮਨਦੀਪ ਕੁਮਾਰ ਦੱਸਦਾ ਹੈ ਕਿ ਹੁਣ ਉਹ ਬੈਂਡ ਵਾਲੀਆਂ ਬਾਰ੍ਹਵੀਂ ਪਾਸ ਲੜਕੀਆਂ ਦੇ ਕੇਸ ਲੈਣੋਂ ਹਟ ਗਏ ਹਨ ਕਿਉਂਕਿ ਲੜਕਿਆਂ ਦੀ ਦਿਲਚਸਪੀ ਹੁਣ ਗਰੈਜੂਏਟ ਲੜਕੀਆਂ ਵੱਲ ਹੋ ਗਈ ਹੈ। ਆਸਟਰੇਲੀਆ ਦੀਆਂ ਫਾਈਲਾਂ ਬੰਦ ਹਨ ਜਦੋਂ ਕਿ ਕੈਨੇਡਾ 'ਚ ਸਪਾਊਸ ਵੀਜ਼ੇ ਲਈ ਲੜਕੀ ਦੀ ਗਰੈਜੂਏਸ਼ਨ ਹੋਣੀ ਲਾਜ਼ਮੀ ਹੈ। ਉਹ ਹੁਣ ਜ਼ਿਆਦਾ ਪੀਆਰ ਰਿਸ਼ਤੇ ਹੀ ਕਰਾਉਂਦੇ ਹਨ। ਚੇਤੇ ਰਹੇ ਕਿ ਮਾਲਵੇ 'ਚ ਇਹ ਰੁਝਾਨ ਸਭ ਤੋਂ ਵੱਧ ਰਿਹਾ ਹੈ। ਲੜਕੇ ਵਾਲਿਆਂ ਨੇ ਜ਼ਮੀਨਾਂ ਵੇਚ ਕੇ ਬੈਂਡਾਂ ਵਾਲੀਆਂ ਕੁੜੀਆਂ ਨੂੰ ਸਟੱਡੀ ਲਈ ਵਿਦੇਸ਼ ਭੇਜਿਆ ਸੀ। ਅਸਲ 'ਚ ਇਹ 'ਸਮਝੌਤਾ ਵਿਆਹ' ਸਨ ਤੇ ਜਿਨ੍ਹਾਂ ਲੋੜਵੰਦ ਘਰਾਂ ਦੀਆਂ ਕੁੜੀਆਂ ਦੇ ਆਇਲਸ 'ਚੋਂ ਚੰਗੇ ਬੈਂਡ ਆ ਜਾਂਦੇ ਸਨ, ਉਨ੍ਹਾਂ ਨਾਲ ਸਮਝੌਤੇ ਤਹਿਤ ਮੁੰਡੇ ਵਾਲਾ ਪਰਿਵਾਰ ਕੁੜੀ ਦੀ ਪੜ੍ਹਾਈ ਦਾ ਸਮੁੱਚਾ ਖਰਚਾ ਚੁੱਕਦਾ ਅਤੇ ਬਦਲੇ ਵਿਚ ਲੜਕੀ ਵਿਆਹ ਕਰਾ ਕੇ ਲੜਕੇ ਨੂੰ ਵਿਦੇਸ਼ ਵਿਚ ਪੱਕਾ ਕਰਾਉਂਦੀ ਸੀ।



ਬਠਿੰਡਾ ਦੇ ਪਿੰਡ ਮੰਡੀ ਕਲਾਂ ਦਾ ਹਰਦੀਪ ਸਿੰਘ ਦੀਪਾ, ਜੋ ਵਿਚੋਲੇ ਦਾ ਕੰਮ ਕਰਦਾ ਹੈ, ਦਾ ਕਹਿਣਾ ਹੈ ਕਿ ਉਸ ਕੋਲ ਬਾਰ੍ਹਵੀਂ ਪਾਸ ਆਇਲਸ 'ਚੋਂ ਪੂਰੇ ਬੈਂਡ ਲੈਣ ਵਾਲੀਆਂ ਕੁੜੀਆਂ ਦੇ ਰਿਸ਼ਤੇ ਹਨ ਜਿਨ੍ਹਾਂ ਲਈ ਸੱਤ ਮਹੀਨੇ ਤੋਂ ਕੋਈ ਖਰਚਾ ਚੁੱਕਣ ਵਾਲਾ ਰਿਸ਼ਤਾ ਨਹੀਂ ਮਿਲਿਆ। ਉਹ ਦੱਸਦਾ ਹੈ ਕਿ ਹੁਣ ਪੀਆਰ ਵਾਲੀਆਂ ਕੁੜੀਆਂ ਤੇ ਮੁੰਡਿਆਂ ਦੀ ਜ਼ਿਆਦਾ ਮੰਗ ਵਧੀ ਹੈ। ਇਸੇ ਤਰ੍ਹਾਂ ਬਰਨਾਲਾ ਦੇ ਪਿੰਡ ਪੱਖੋ ਕਲਾਂ ਦਾ ਮੈਰਿਜ ਬਿਊਰੋ ਇੰਚਾਰਜ ਬੇਅੰਤ ਸਿੰਘ ਸਿੱਧੂ ਦੋ ਵਰ੍ਹਿਆਂ ਵਿਚ ਬੈਂਡਾਂ ਵਾਲੇ 33 ਰਿਸ਼ਤੇ ਕਰਾ ਚੁੱਕਾ ਹੈ। ਉਸ ਦਾ ਕਹਿਣਾ ਹੈ ਕਿ ਹੁਣ ਆਇਲਸ ਬੈਂਡ ਲੈਣ ਵਾਲੀਆਂ ਗਰੈਜੂਏਟ ਕੁੜੀਆਂ ਦੀ ਮੰਗ ਹੈ ਕਿਉਂਕਿ ਸਪਾਊਸ ਵੀਜ਼ੇ ਲਈ ਕੈਨੇਡਾ ਨੇ ਗਰੈਜੂਏਸ਼ਨ ਲਾਜ਼ਮੀ ਕਰ ਦਿੱਤੀ ਹੈ। ਉਹ ਦੱਸਦਾ ਹੈ ਕਿ ਉਸ ਕੋਲ ਦੋ ਤਿੰਨ ਅਜਿਹੇ ਰਿਸ਼ਤੇ ਆਏ ਹਨ ਜਿਨ੍ਹਾਂ ਲਈ ਕੋਈ ਲੜਕਾ ਮਿਲ ਨਹੀਂ ਰਿਹਾ ਹੈ। 'ਸਮਝੌਤਾ ਵਿਆਹਾਂ' ਵਿਚ ਲੰਘੇ ਵਰ੍ਹਿਆਂ ਵਿਚ ਫਰਾਡ ਕੇਸ ਵੀ ਕਾਫ਼ੀ ਹੋਏ ਹਨ। ਕੁੜੀਆਂ ਖਰਚਾ ਲੈ ਕੇ ਵਿਦੇਸ਼ ਜਾਣ ਮਗਰੋਂ ਮੁੱਕਰ ਜਾਂਦੀਆਂ ਸਨ।

ਪੰਜਾਬ ਵਿਚ ਲੰਘੇ ਅੱਠ ਵਰ੍ਹਿਆਂ ਵਿਚ ਅਜਿਹੇ ਕਰੀਬ 300 ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ 'ਚ ਲੜਕੇ ਵਾਲਿਆਂ ਨੇ ਐੱਨਆਰਆਈ ਥਾਣਿਆਂ ਵਿਚ ਲੜਕੀਆਂ ਖ਼ਿਲਾਫ਼ ਸ਼ਿਕਾਇਤਾਂ ਦਰਜ ਕਰਾਈਆਂ ਹਨ। ਇਨ੍ਹਾਂ ਚੱਕਰਾਂ 'ਚ ਕਈ ਲੜਕੇ ਇੱਥੇ ਖ਼ੁਦਕੁਸ਼ੀ ਵੀ ਕਰ ਚੁੱਕੇ ਹਨ। ਮਾਨਸਾ ਜ਼ਿਲ੍ਹੇ ਦੇ ਪਿੰਡ ਜੋਗਾ ਦਾ ਸੰਧੂ ਮੈਰਿਜ ਬਿਊਰੋ ਵਾਲਾ ਰਾਜਵਿੰਦਰ ਸਿੰਘ ਦੱਸਦਾ ਹੈ ਕਿ ਪਹਿਲਾਂ ਤਾਂ ਬੈਂਡਾਂ ਵਾਲੀ ਇੱਕ ਇੱਕ ਕੁੜੀ ਵਾਸਤੇ ਕਈ ਕਈ ਰਿਸ਼ਤੇ ਤਿਆਰ ਹੁੰਦੇ ਸਨ। ਪਿੰਡ ਚੱਕ ਬਖਤੂ ਦਾ ਗੁਰਪ੍ਰੀਤ ਸਿੰਘ ਦੱਸਦਾ ਹੈ ਕਿ ਹੁਣ ਤਾਂ ਬਾਰ੍ਹਵੀਂ ਪਾਸ ਆਇਲਸ ਬੈਂਡ ਲੈਣ ਵਾਲੀ ਕੁੜੀ ਦੇ ਮਾਪੇ ਇਹ ਪੇਸ਼ਕਸ਼ ਵੀ ਕਰ ਰਹੇ ਹਨ ਕਿ ਉਹ ਅੱਧਾ ਖਰਚਾ ਪੱਲਿਓਂ ਚੁੱਕ ਲੈਣਗੇ ਤੇ ਬਾਕੀ ਲੜਕੇ ਵਾਲੇ ਖਰਚਾ ਕਰ ਦੇਣ। ਆਇਲਸ ਕੋਚਿੰਗ ਸੈਂਟਰ ਵਾਲੇ ਇੱਕ ਮਾਲਕ ਦਾ ਪ੍ਰਤੀਕਰਮ ਸੀ ਕਿ ਪਹਿਲਾਂ ਬਾਰ੍ਹਵੀਂ ਪਾਸ ਆਇਲਸ ਪਾਸ ਲੜਕੀਆਂ ਦੀ ਪੁੱਛ ਪੜਤਾਲ ਲਈ ਬਹੁਤ ਮਾਪੇ ਕੇਂਦਰਾਂ ਵਿਚ ਆਉਂਦੇ ਸਨ ਪਰ ਹੁਣ ਬਦਲੇ ਨਿਯਮਾਂ ਨੇ ਸਮਾਜਿਕ ਤਾਣਾ ਬਾਣਾ ਵੀ ਬਦਲ ਦਿੱਤਾ ਹੈ।




ਅਖ਼ਬਾਰਾਂ ਵਿਚ ਵੀ ਮਾਪਿਆਂ ਨੂੰ ਬੈਂਡ ਵਾਲੀਆਂ ਕੁੜੀਆਂ ਦੇ ਇਸ਼ਤਿਹਾਰ ਹੁਣ ਵਾਰ ਵਾਰ ਦੇਣੇ ਪੈ ਰਹੇ ਹਨ। ਇਹ ਸਾਰਾ ਵਰਤਾਰਾ ਮਜਬੂਰੀ ਅਤੇ ਵਿਦੇਸ਼ ਜਾਣ ਦੀ ਲਾਲਸਾ ਦਾ ਪ੍ਰਗਟਾਵਾ ਕਰਦਾ ਹੈ। ਅਹਿਮਦਗੜ੍ਹ ਮੰਡੀ ਦੇ ਮੈਰਿਜ ਬਿਊਰੋ ਵਾਲੇ ਮਹਿੰਦਰ ਪਾਲ ਸੂਦ ਦਾ ਕਹਿਣਾ ਸੀ ਕਿ ਇਸ ਵੇਲੇ ਬਾਰ੍ਹਵੀਂ ਪਾਸ ਬੈਂਡਾਂ ਵਾਲੀਆਂ ਕੁੜੀਆਂ ਰੁਲ ਰਹੀਆਂ ਹਨ ਅਤੇ ਰੋਜ਼ਾਨਾ ਉਹ ਅਜਿਹੇ ਰਿਸ਼ਤੇ ਮੋੜ ਰਹੇ ਹਨ। ਉਨ੍ਹਾਂ ਦੱਸਿਆ ਕਿ ਬਹੁਤੇ ਮਾਪਿਆਂ ਨੇ ਤਾਂ ਆਪਣੀਆਂ ਲੜਕੀਆਂ ਨੂੰ ਹੁਣ ਉਚੇਰੀ ਸਿੱਖਿਆ ਲਈ ਇੱਥੇ ਹੀ ਕਾਲਜਾਂ ਵਿਚ ਦਾਖ਼ਲੇ ਦਿਵਾ ਦਿੱਤੇ ਹਨ। ਹੁਣ ਦੌਰ ਸਿਰਫ਼ ਗਰੈਜੂਏਟ ਲੜਕੀਆਂ ਦਾ ਹੈ।

## "ਉੱਠੋ ਜਾਗੋ"

ਘੇਰ ਲਈ ਦਰਿੰਦਿਆ ਮਾਸ ਰੱਖ ਦਿੱਤਾ ਨੋਚ ਕੇ,
ਦਿਓ ਦੋਸ਼ੀਆਂ ਨੂੰ ਸਜਾ, ਕਿਓਂ ਨਹੀਂ ਦਬੋਚਦੇ ,

ਪੇਸ਼ੇ ਵਜੋਂ ਡਾਕਟਰ ਜਾਨ ਲੋਕਾਂ ਦੀ ਬਚਾਉਂਦੀ ਸੀ,
ਜਾਨ ਜੋਖ਼ਮ ਚ ਪਾ ਜਾਨ ਦੂਜਿਆਂ ਚ ਪਾਉਂਦੀ ਸੀ,

ਕੀਤਾ ਨਾ ਅਰਾਮ ਡੇਢ ਦਿਨ ਤੋਂ ਰਹੀ ਜਾਗਦੀ,
ਮਾੜੀ ਕਿਸਮਤ ਨੂੰ ਲਿਖੇ ਮਾੜੇ ਉਹਦੇ ਭਾਗ ਸੀ,

ਰੋਸ ਮਾਰਚਾਂ ਦੇ ਨਾਲ, ਹੋਣੇ ਮਸਲੇ ਨਾ ਹੱਲ ਜੀ,
ਡੂੰਘਾ ਸੋਚਣਾ ਪੈਣਾ, ਜੇ ਬਚਾਉਣਾ ਤੁਸਾਂ ਕੱਲ੍ਹ ਜੀ,

ਸਦੀ ਭਾਵੇਂ ਬਦਲੀ ,ਪਰ ਬਦਲੇ ਨਾ "ਸਿੱਕੀ" ਲੋਕ,
ਧੀਆਂ ਵਾਲਿਓ ਉੱਠੋ ਜਾਗੋ ਬਦਲੋ ਆਪਣੀ ਸੋਚ,

ਸਿੱਕੀ ਝੱਜੀ ਪਿੰਡ ਵਾਲਾ (ਇਟਲੀ)

# ਰਾਇ ਪਰਿਵਾਰ ਨੂੰ ਗੁਰੂ ਗੋਬਿੰਦ ਸਿੰਘ ਦੀ ਬਖ਼ਸ਼ਿਸ਼ ਗੰਗਾ ਸਾਗਰ

ਰਾਏ ਕੱਲ੍ਹਾ ਦੇ ਨੌਵੀਂ ਪੀੜ੍ਹੀ ਦੇ ਵਾਰਸ ਰਾਏ ਅਜ਼ੀਜ਼ਉੱਲਾ ਖਾਂ ਕਹਿੰਦੇ ਹਨ, "ਅਤਿ ਭਿਆਨਕ ਸਮੇਂ ਸਾਡੇ ਵਡੇਰੇ ਰਾਏ ਕੱਲ੍ਹਾ ਨੇ ਆਪਣੇ ਖ਼ਾਨਦਾਨ 'ਤੇ ਪੈਣ ਵਾਲੀ ਬਿਪਤਾ ਦੀ ਪਰਵਾਹ ਨਾ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੂੰ ਠਾਹਰ ਦਿੱਤੀ ਸੀ ਤੇ ਨਿਸ਼ਕਾਮ ਸੇਵਾ ਕੀਤੀ ਸੀ। ਉਸ ਸੇਵਾ ਤੋਂ ਖ਼ੁਸ਼ ਹੋ ਕੇ ਗੁਰੂ ਜੀ ਨੇ ਗੰਗਾ ਸਾਗਰ ਦੀ ਅਦੁੱਤੀ ਦਾਤ ਬਖ਼ਸ਼ੀ ਜੋ ਇਨਸਾਨੀਅਤ ਦੇ ਅਜ਼ੀਮ ਰਿਸ਼ਤੇ ਦੀ ਪਵਿੱਤਰ ਨਿਸ਼ਾਨੀ ਹੈ। ਗੁਰੂ ਗੋਬਿੰਦ ਸਿੰਘ ਜੀ ਗੰਗਾ ਸਾਗਰ ਦੀ ਥਾਂ ਸਾਨੂੰ ਮਿੱਟੀ ਦਾ ਪਿਆਲਾ ਵੀ ਬਖ਼ਸ਼ ਦਿੰਦੇ ਤਦ ਵੀ ਅਸੀਂ ਏਨੀ ਹੀ ਸ਼ਰਧਾ ਨਾਲ ਸੰਭਾਲ ਕੇ ਰੱਖਣਾ ਸੀ।"

ਗਜ਼ਟੀਅਰ ਆਫ਼ ਦਾ ਲੁਧਿਆਣਾ ਡਿਸਟ੍ਰਿਕਟ 1888-89 ਦੇ ਪੰਨਾ 112 ਉਪਰ ਅੰਕਿਤ ਹੈ ਕਿ ਰਾਏ ਕਿਆਂ ਨੇ ਸਮਰਾਟ ਅਕਬਰ ਨੂੰ ਧੀ ਦਾ ਡੋਲਾ ਦੇਣੋ ਨਾਂਹ ਕਰ ਦਿੱਤੀ ਸੀ ਜਿਸ ਬਦਲੇ ਉਨ੍ਹਾਂ ਦੀ ਰਾਏਕੋਟ ਰਿਆਸਤ ਜ਼ਬਤ ਕਰ ਲਈ ਸੀ। ਪਿੱਛੋਂ ਸ਼ਾਹ ਜਹਾਨ ਨੇ ਰਿਆਸਤ ਮੋੜੀ। ਔਰੰਗਜ਼ੇਬ ਵੇਲੇ ਰਾਏ ਕਿਆਂ ਦੀ ਸਰਹੰਦ ਦੇ ਸੂਬੇਦਾਰ ਨਾਲ ਖੜਕਦੀ ਸੀ। ਉਨ੍ਹਾਂ ਨੇ ਬੰਦਾ ਬਹਾਦਰ ਦੇ ਹਮਲਿਆਂ ਤੋਂ ਪਹਿਲਾਂ ਲੁਧਿਆਣੇ ਤੇ ਫਿਰੋਜ਼ਪੁਰ ਦਾ ਕਾਫੀ ਇਲਾਕਾ ਰਿਆਸਤ ਰਾਏਕੋਟ ਵਿਚ ਮਿਲਾ ਲਿਆ ਸੀ। 1947 ਤੋਂ ਪਹਿਲਾਂ ਖ਼ਾਨ ਬਹਾਦਰ ਰਾਏ ਅਨਾਇਤ ਖਾਂ ਆਨਰੇਰੀ ਮੈਜਿਸਟ੍ਰੇਟ ਸਨ। ਰਾਏਕੋਟ 'ਚ ਜਿਥੇ ਕਚਹਿਰੀ ਲੱਗਦੀ ਸੀ ਉਥੇ ਹੁਣ ਲੜਕੀਆਂ ਦਾ ਸਕੂਲ ਹੈ।

ਰਾਏ ਅਜ਼ੀਜ਼ਉੱਲਾ ਖਾਂ ਪਾਕਿਸਤਾਨ ਪਾਰਲੀਮੈਂਟ ਦੇ ਮੈਂਬਰ ਰਹੇ ਹਨ। ਉਹ ਤੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਐਟੀਸਨ ਕਾਲਜ ਲਾਹੌਰ ਵਿਚ 'ਕੱਠੇ ਪੜ੍ਹਦੇ ਤੇ ਹਾਕੀ ਖੇਡਦੇ ਸਨ। 1964 ਵਿਚ ਉਹ ਕਾਲਜ ਦੀ ਜੂਨੀਅਰ ਹਾਕੀ ਟੀਮ ਦੇ ਮੈਂਬਰ ਸਨ। ਉਨ੍ਹਾਂ ਦੀਆਂ ਮਾਵਾਂ ਤਲਵਣ ਦੀਆਂ ਧੀਆਂ ਸਨ। ਇਮਰਾਨ ਖਾਨ ਹੁਣ ਵੀ ਜਦੋਂ ਲਾਹੌਰ ਗੇੜਾ ਮਾਰਦਾ ਹੈ ਤਾਂ ਆਪਣੇ ਕਾਲਜੀਏਟ ਦੋਸਤ ਨੂੰ ਅਕਸਰ ਮਿਲਦਾ ਹੈ। ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜੋ ਲਾਂਘਾ ਖੁੱਲ੍ਹਿਆ ਉਹਦੇ ਪਿਛੋਕੜ ਵਿਚ ਇਮਰਾਨ ਖਾਨ ਦੇ ਖਿਡਾਰੀ ਦੋਸਤਾਂ ਰਾਏ ਅਜ਼ੀਜ਼ਉੱਲਾ ਤੇ ਨਵਜੋਤ ਸਿੰਘ ਸਿੱਧੂ ਦਾ ਵੀ ਰੋਲ ਸੀ। ਰਾਏ ਅਜ਼ੀਜ਼ਉੱਲਾ ਗੁਰਮੁਖੀ ਪੜ੍ਹ ਲੈਂਦੇ ਹਨ ਅਤੇ ਗੁਰੂ ਸਾਹਿਬਾਨ ਤੇ ਸਿੱਖ ਇਤਿਹਾਸ ਦੇ ਪੂਰੇ ਜਾਣੂ ਹਨ।

ਮੈਂ ਨਿੱਕਾ ਹੁੰਦਾ ਸੁਣਦਾ ਰਿਹਾ ਸਾਂ ਕਿ ਰਾਏ ਕੱਲ੍ਹਾ ਦੇ ਵਾਰਸਾਂ ਪਾਸ ਗੁਰੂ ਗੋਬਿੰਦ ਸਿੰਘ ਜੀ ਦਾ ਬਖ਼ਸ਼ਿਆ ਗੰਗਾ ਸਾਗਰ ਹੈ ਜੀਹਦੇ 'ਚੋਂ ਰੇਤ ਕਿਰ ਜਾਂਦੀ ਹੈ, ਪਰ ਤਰਲ ਨਹੀਂ ਡੁਲ੍ਹਦਾ। 1947 ਤੋਂ ਪਹਿਲਾਂ ਰਾਏਕੋਟ ਦੇ ਮੁਖੀ ਖ਼ਾਨ ਬਹਾਦਰ ਰਾਏ ਅਨਾਇਤ ਖਾਂ ਆਪਣੀ ਹਵੇਲੀ ਵਿਚ ਹਰ ਸਾਲ 2 ਤੋਂ 4 ਜਨਵਰੀ ਤਕ ਗੰਗਾ ਸਾਗਰ ਦੇ ਦਰਸ਼ਨ ਕਰਵਾਉਂਦੇ ਸਨ। ਗੁਰਦਵਾਰਾ ਟਾਹਲੀਆਣਾ ਸਾਹਿਬ ਤੋਂ ਰਾਏਕਿਆਂ ਦੀ ਹਵੇਲੀ ਤਕ ਸੰਗਤਾਂ ਨੰਗੇ ਪੈਰੀਂ ਚੱਲ ਕੇ ਜਾਂਦੀਆਂ। ਮੈਂ ਉਦੋਂ ਸੱਤਾਂ ਸਾਲਾਂ ਦਾ ਸਾਂ। ਮੇਰੇ ਮਨ ਵਿਚ ਗੰਗਾ ਸਾਗਰ ਦੇ ਦਰਸ਼ਨ ਕਰਨ ਦੀ ਰੀਝ ਜਾਗਦੀ। ਆਖ਼ਰ ਸੱਠ ਸਾਲਾਂ ਬਾਅਦ ਦਰਸ਼ਨ ਹੋਏ। ਗੰਗਾ ਸਾਗਰ ਨੂੰ ਮੈਂ ਅਦਬ ਨਾਲ ਨੀਝ ਲਾ ਕੇ ਵੇਖਿਆ। ਰਾਏ ਅਜ਼ੀਜ਼ਉੱਲਾ ਨਾਲ ਗੱਲਾਂ ਕਰਨ ਦੇ ਮੌਕੇ ਮਿਲੇ ਅਤੇ ਉਨ੍ਹਾਂ ਦੀ ਪ੍ਰਾਹੁਣਚਾਰੀ ਮਾਣੀ। ਅੱਜਕੱਲ੍ਹ ਉਹ ਸਰਦੀਆਂ ਵਿਚ ਲਾਹੌਰ ਤੇ ਗਰਮੀਆਂ 'ਚ ਕੈਨੇਡਾ ਦੇ ਸ਼ਹਿਰ ਸਰੀ ਵਿਖੇ ਰਹਿੰਦੇ ਹਨ। ਮੈਂ ਉਨ੍ਹਾਂ ਨੂੰ ਲਾਹੌਰ ਵੀ ਮਿਲਿਆ ਅਤੇ ਸਰੀ ਤੇ ਟੋਰਾਂਟੋ ਵਿਚ ਵੀ। ਉਹ ਪੰਜਾਬੀ ਲੇਖਕਾਂ ਦੇ ਚੰਗੇ ਵਾਕਫ਼ ਹਨ। ਕਾਲਜ ਪੜ੍ਹਦਿਆਂ ਹਾਕੀ ਖੇਡਦੇ ਸਨ ਹੁਣ ਗੌਲਫ਼ ਖੇਡਦੇ ਹਨ। ਪਾਕਿਸਤਾਨ ਦੀ ਗੌਲਫ਼ ਫੈਡਰੇਸ਼ਨ ਦੇ ਵਾਈਸ ਪ੍ਰੈਜ਼ੀਡੈਂਟ ਰਹੇ ਹਨ। 1982 ਵਿਚ ਨਵੀਂ ਦਿੱਲੀ ਦੀਆਂ ਏਸ਼ਿਆਈ ਖੇਡਾਂ ਵੇਖਣ ਭਾਰਤ ਆਏ ਸਨ। 2004 ਵਿਚ ਛੋਟੇ ਸਾਹਿਬਜ਼ਾਦਿਆਂ ਦੇ ਤਿੰਨ ਸੌ ਸਾਲਾ ਸ਼ਹੀਦੀ ਜੋੜ ਮੇਲੇ ਸਮੇਂ ਸੰਗਤਾਂ ਨੂੰ ਦਰਸ਼ਨ ਕਰਾਉਣ ਲਈ ਗੰਗਾ ਸਾਗਰ ਵੀ ਭਾਰਤ ਵਿਚ ਲਿਆਏ ਸਨ।

ਚਾਰਟਡ ਫਲਾਈਟ ਦੁਆਰਾ ਗੰਗਾ ਸਾਗਰ ਅੰਮ੍ਰਿਤਸਰ ਹਵਾਈ ਅੱਡੇ 'ਤੇ ਪੁੱਜਾ ਤਾਂ ਬੇਸ਼ੁਮਾਰ ਸੰਗਤਾਂ ਉਡੀਕ ਵਿਚ ਖੜ੍ਹੀਆਂ ਸਨ। ਸੰਗਤਾਂ ਦੇ ਭਾਰੀ ਜਲੌਅ ਨਾਲ ਗੰਗਾ ਸਾਗਰ ਸ੍ਰੀ ਹਰਿਮੰਦਰ ਸਾਹਿਬ ਪਹੁੰਚਾਇਆ ਗਿਆ। ਫਿਰ ਫਤਿਹਗੜ੍ਹ ਸਾਹਿਬ, ਚਮਕੌਰ ਸਾਹਿਬ, ਆਲਮਗੀਰ ਤੇ ਮੁੱਲਾਂਪੁਰ ਰਾਹੀਂ ਰਾਏਕੋਟ ਲਿਜਾਇਆ ਗਿਆ। ਲੁਧਿਆਣੇ ਤੋਂ ਰਾਏਕੋਟ ਪਹੁੰਚਦਿਆਂ ਸਾਢੇ ਦਸ ਘੰਟੇ ਲੱਗੇ। 1947 ਤੋਂ 57 ਸਾਲ ਬਾਅਦ ਰਾਏਕੋਟ ਲਿਆਂਦੇ ਗਏ ਗੰਗਾ ਸਾਗਰ ਦੇ ਲੱਖਾਂ ਲੋਕਾਂ ਨੇ ਦਰਸ਼ਨ ਕੀਤੇ।

ਗੰਗਾ ਸਾਗਰ ਤਾਂਬੇ ਦਾ ਲੋਟਾਨੁਮਾ ਗੜਵਾ ਹੈ ਜਿਸ ਵਿਚ 288 ਛੇਕ ਹਨ। ਉਸ ਦੇ ਕਮਾਨੀਦਾਰ ਹੱਥੀ ਤੇ ਕੇਤਲੀ ਵਾਂਗ ਟੂਟੀ ਲੱਗੀ ਹੈ। ਸਦੀਆਂ ਪੁਰਾਣੇ ਗੜਵੇ ਦੀ ਕੁਝ ਮੁਰੰਮਤ ਵੀ ਹੋਈ ਦਿਸਦੀ ਹੈ। ਸੁਰਾਹੀ ਵਰਗੇ ਲੋਟਾਨੁਮਾ ਗੜਵੇ ਦੀ ਲੰਮੀ ਗਰਦਨ ਉਪਰ ਧਾਤ ਦੀ ਜਾਲੀ ਵਾਲਾ ਨਿੱਕਾ ਮੂੰਹ ਹੈ ਜਿਸ ਉਤੇ ਟੋਪੀਦਾਰ ਢੱਕਣ ਹੈ। ਲੋਟੇ ਦੇ ਪੇਟ ਦੀ ਗੁਲਾਈ ਉਤੇ ਅਤੇ ਥੱਲੇ ਵਿਚ ਦੂਹਰੀਆਂ ਮੋਰੀਆਂ ਹਨ। ਇਨ੍ਹਾਂ ਮੋਰੀਆਂ ਵਿਚੋਂ ਰੇਤ ਕਿਰ ਜਾਂਦੀ ਹੈ ਜਦ ਕਿ ਤਰਲ ਪਦਾਰਥ ਨਹੀਂ ਡੁੱਲ੍ਹਦਾ। ਦੁੱਧ ਜਾਂ ਪਾਣੀ ਪਾਈਏ ਤਾਂ ਪਹਿਲਾਂ ਕੁਝ ਬੂੰਦਾਂ ਸਿਮਦੀਆਂ ਹਨ ਜੋ ਗੜਵਾ ਭਰ ਜਾਣ 'ਤੇ ਬੰਦ ਹੋ ਜਾਂਦੀਆਂ ਹਨ। ਇਸ ਦੀ ਚੌੜਾਈ ਅੱਧੇ ਫੁੱਟ ਤੋਂ ਵੱਧ ਤੇ ਉਚਾਈ ਇਕ ਫੁੱਟ ਤੋਂ ਘੱਟ ਹੈ। ਵਜ਼ਨ ਅੱਧਾ ਕੁ ਕਿਲੋਗਰਾਮ ਹੈ। ਗੰਗਾ ਸਾਗਰ ਦੇ ਹਿੰਦੂਤਵੀ ਨਾਂ ਅਤੇ ਇਸਲਾਮੀ ਲੋਟੇ ਦੀ ਬਣਤਰ ਵਾਲੇ ਗੜਵੇ ਦੇ ਨਿੱਕੇ ਛੇਕਾਂ ਵਿਚ ਦੀ ਸਾਰ ਪਾਰ ਦਿਸਦਾ ਹੈ। ਅਜਬ ਕਾਰੀਗਰੀ ਹੈ ਇਸ ਗੰਗਾ ਸਾਗਰ ਦੀ!

ਗੁਰੂ ਗੋਬਿੰਦ ਸਿੰਘ ਜੀ ਦੇ ਕਰ ਕਮਲਾਂ ਦੀ ਛੋਹ ਪ੍ਰਾਪਤ ਇਹ ਗੜਵਾ, ਬਣਾਵਟ ਤੇ ਨਾਮ ਤੋਂ ਮੁਸਲਮਾਨਾਂ, ਹਿੰਦੂਆਂ ਤੇ ਸਿੱਖਾਂ ਦੀ ਸਾਂਝ ਦਾ ਪ੍ਰਤੀਕ ਹੈ। ਮੁਸਲਮਾਨ ਲੋਟੇ ਨਾਲ ਉਜ਼ੂ ਕਰ ਕੇ ਨਮਾਜ ਅਦਾ ਕਰਦੇ ਹਨ, ਹਿੰਦੂਆਂ ਲਈ ਗੰਗਾ ਸਾਗਰ ਕੁੰਭ ਤੋਂ ਬਾਅਦ ਦੂਜਾ ਵੱਡਾ ਤੀਰਥ ਸਥਾਨ ਹੈ ਜੋ ਗੰਗਾ ਨਦੀ ਦੇ ਬੰਗਾਲ ਦੀ ਖਾੜੀ ਵਿਚ ਸਮਾਉਣ ਨਾਲ ਟਾਪੂ ਬਣਿਆ ਹੈ। ਉਸ ਟਾਪੂ ਦਾ ਰਕਬਾ 282 ਵਰਗ ਕਿਲੋਮੀਟਰ ਹੈ। ਮਾਘੀ ਮੌਕੇ ਲੱਖਾਂ ਲੋਕ ਗੰਗਾ ਸਾਗਰ ਦਾ ਇਸ਼ਨਾਨ ਕਰਦੇ ਹਨ ਜੋ ਕਲਕੱਤੇ ਤੋਂ 142 ਕਿਲੋਮੀਟਰ ਦੂਰ ਹੈ। ਸਿੱਖਾਂ ਲਈ ਗੰਗਾ ਸਾਗਰ ਗੁਰੂ ਗੋਬਿੰਦ ਸਿੰਘ ਜੀ ਦੀ ਕਰ ਕਮਲਾਂ ਦੀ ਛੋਹ ਪ੍ਰਾਪਤ ਪਾਵਨ ਪਵਿੱਤਰ ਨਿਸ਼ਾਨੀ ਹੈ।



Sacred Relic Of Guru Gobind Singh Ji

1947 ਦੇ ਉਜਾੜੇ ਵੇਲੇ ਰਾਏ ਕੱਲ੍ਹਾ ਦੇ ਵਾਰਸ ਰਾਏ ਇਨਾਇਤ ਖਾਂ ਤੇ ਉਨ੍ਹਾਂ ਦੇ ਪੁੱਤਰ ਰਾਏ ਫ਼ਕੀਰਉਲਾ ਖਾਂ ਆਪਣੀਆਂ ਜਾਨਾਂ ਤੋਂ ਪਿਆਰੀ ਦਾਤ ਗੰਗਾ ਸਾਗਰ ਆਪਣੇ ਨਾਲ ਲਾਹੌਰ ਲੈ ਚਲੇ ਗਏ ਸਨ। ਉਨ੍ਹਾਂ ਨੇ ਰਹਾਇਸ਼ ਲਾਹੌਰ ਦੇ ਮਾਡਲ ਟਾਊਨ ਵਿਚ ਰੱਖੀ। ਗੰਗਾ ਸਾਗਰ ਪਹਿਲਾਂ ਘਰ ਤੇ ਫਿਰ ਲੰਡਨ ਦੇ ਬੈਂਕ ਲੌਕਰ ਵਿਚ ਰੱਖ ਕੇ ਉਹਦੀ ਕੋਹਿਨੂਰ ਤੋਂ ਵੀ ਵੱਧ ਸੰਭਾਲ ਕੀਤੀ। 1951 ਵਿਚ ਜਨਮੇ ਅਜ਼ੀਜ਼ਉੱਲਾ ਖਾਂ ਅਜੇ ਡੇਢ ਸਾਲ ਦੇ ਸਨ ਕਿ ਉਨ੍ਹਾਂ ਦੇ ਦਾਦਾ ਰਾਏ ਅਨਾਇਤ ਖਾਂ ਫ਼ੌਤ ਹੋ ਗਏ। ਚਾਰ ਸਾਲ ਦੇ ਸਨ ਕਿ ਮਾਂ ਚੱਲ ਵਸੀ। ਸਾਢੇ ਛੇ ਸਾਲ ਦੇ ਹੋਏ ਤਾਂ ਵਾਲਦ ਵੀ ਚਲਾਣਾ ਕਰ ਗਏ। ਅਜ਼ੀਜ਼ਉੱਲਾ ਬਿਰਧ ਦਾਦੀ ਨੇ ਪਾਲਿਆ ਤੇ ਪੜ੍ਹਾਇਆ। ਉਸੇ ਨੇ ਗੰਗਾ ਸਾਗਰ ਦੀ ਅਹਿਮੀਅਤ ਪੋਤੇ ਨੂੰ ਦੱਸੀ। ਉਹ ਚੌਵੀ ਸਾਲ ਦੇ ਹੋਏ ਤਾਂ ਬਿਰਧ ਦਾਦੀ ਵੀ ਚਲਾਣਾ ਕਰ ਗਈ। ਦਾਦੀ ਦੇ ਜਿਊਂਦਿਆਂ ਅਜ਼ੀਜ਼ਉੱਲਾ ਕੇਵਲ ਦੋ ਵਾਰ ਗੰਗਾ ਸਾਗਰ ਨੂੰ ਛੋਹ ਸਕੇ।


ਪ੍ਰਿੰਸੀਪਲ ਸਰਵਣ ਸਿੰਘ

ਅਪਰੈਲ 2001 ਵਿਚ ਆਲਮੀ ਪੰਜਾਬੀ ਕਾਨਫਰੰਸ ਸਮੇਂ ਮੈਨੂੰ ਤੇ ਵਰਿਆਮ ਸਿੰਘ ਸੰਧੂ ਨੂੰ ਲਾਹੌਰ ਜਾਣ ਦਾ ਮੌਕਾ ਮਿਲਿਆ ਤਾਂ ਉਥੇ ਰਾਏ ਅਜ਼ੀਜ਼ਉੱਲਾ ਖਾਂ ਨਾਲ ਮੁਲਾਕਾਤ ਹੋ ਗਈ। ਗੱਲਾਂ ਕਰਦਿਆਂ ਗੰਗਾ ਸਾਗਰ ਦੀਆਂ ਯਾਦਾਂ ਤਾਜ਼ਾ ਹੋ ਗਈਆਂ। ਇਹ ਸਾਂਝ ਵੀ ਨਿਕਲ ਆਈ ਕਿ ਉਨ੍ਹਾਂ ਦਾ ਵਡਵਡੇਰਾ ਰਾਏ ਸਿਰਾਜੁਦੀਨ ਉਰਫ਼ ਸ਼ੇਖ਼ ਚਾਚੂ ਸਾਡੇ ਪਿੰਡ ਚਕਰ ਦਾ ਮੋਹੜੀਗੱਡ ਸੀ। ਇਸ ਸਾਂਝ ਨਾਲ ਅਸੀਂ ਗਰਾਂਈਂ ਬਣ ਗਏ!

ਸ਼ਾਮ ਨੂੰ ਰਾਏ ਸਾਹਿਬ ਸਾਨੂੰ ਆਪਣੇ ਘਰ ਲੈ ਗਏ। ਘਰ ਵਿਚ ਖ਼ਾਨ ਦੀ ਭੂਆ, ਬੇਗਮ ਤੇ ਬੱਚੇ ਮੌਜੂਦ ਸਨ। ਖ਼ਾਨ ਦੀ ਭੂਆ ਸੱਤਰ ਸਾਲ ਤੋਂ ਵਡੇਰੀ ਹੋਣ ਕਰਕੇ ਰਾਏਕੋਟ ਤੇ ਆਲੇ ਦੁਆਲੇ ਦੇ ਪਿੰਡਾਂ ਨੂੰ ਚੰਗੀ ਤਰ੍ਹਾਂ ਜਾਣਦੀ ਸੀ। ਉਸ ਨੇ ਤਲਵੰਡੀ ਰਾਏ, ਹਲਵਾਰਾ, ਆਂਡਲੂ, ਹਠੂਰ ਤੇ ਚਕਰ ਦਾ ਖ਼ਾਸ ਜ਼ਿਕਰ ਕੀਤਾ। ਦੱਸਿਆ ਕਿ ਕਿਵੇਂ ਸ਼ਰਧਾ ਨਾਲ ਗੰਗਾ ਸਾਗਰ ਦੇ ਦਰਸ਼ਨ ਕਰਵਾਏ ਜਾਂਦੇ ਸਨ ਅਤੇ ਉਨ੍ਹਾਂ ਦੇ ਪਰਿਵਾਰ ਤੇ ਸੰਗਤਾਂ ਵਿਚ ਕਿੰਨਾ ਸੇਵਾ ਭਾਵ ਤੇ ਪਿਆਰ ਸਤਿਕਾਰ ਸੀ। ਮੈਂ ਆਪਣੀ ਚਿਰੋਕਣੀ ਰੀਝ ਪੂਰੀ ਕਰਨ ਲਈ ਬੇਨਤੀ ਕੀਤੀ ਕਿ ਅਸੀਂ ਵੀ ਗੰਗਾ ਸਾਗਰ ਦੇ ਦਰਸ਼ਨ ਕਰਨੇ ਚਾਹੁੰਦੇ ਹਾਂ। ਰਾਏ ਸਾਹਿਬ ਨੇ ਕਿਹਾ ਕਿ ਇਸ ਵੇਲੇ ਗੰਗਾ ਸਾਗਰ ਲੰਡਨ ਦੇ ਬੈਂਕ ਲੌਕਰ ਵਿਚ ਸੁਰੱਖਿਅਤ ਹੈ। ਉਨ੍ਹਾਂ ਨੇ ਗੰਗਾ ਸਾਗਰ ਤੇ ਆਪਣੇ ਪਰਿਵਾਰਕ ਪਿਛੋਕੜ ਨਾਲ ਸੰਬੰਧਿਤ ਕੁਝ ਪੜ੍ਹਨ ਸਮੱਗਰੀ ਵੀ ਸਾਨੂੰ ਦਿੱਤੀ।

ਰਾਏ ਅਜ਼ੀਜ਼ਉਲਾ ਖਾਂ ਨੇ ਆਪਣੇ ਪੁਰਖੇ ਰਾਏਕਿਆਂ ਦਾ ਪਿਛੋਕੜ ਜਾਣਨ ਲਈ ਲਾਹੌਰ ਤੋਂ ਲੰਡਨ ਤਕ ਦੀਆਂ ਲਾਇਬ੍ਰੇਰੀਆਂ ਛਾਣ ਮਾਰੀਆਂ ਹਨ। ਪੰਜਾਬ ਡਿਸਟ੍ਰਿਕਟ ਗਜ਼ਟੀਅਰ ਲੁਧਿਆਣਾ ਭਾਗ ਪਹਿਲੇ ਵਿਚ ਦਰਜ ਹੈ ਕਿ ਬਾਰ੍ਹਵੀਂ ਸਦੀ ਵਿਚ ਮੋਕਲ ਚੰਦ ਨਾਂ ਦਾ ਹਿੰਦੂ ਰਾਜਪੂਤ ਜੈਸਲਮੇਰ ਦੇ ਇਲਾਕੇ 'ਚੋਂ ਉਠ ਕੇ ਪੰਜਾਬ ਵਿਚ ਆਇਆ ਸੀ। ਉਸ ਦੀ ਚੌਥੀ ਪੀੜ੍ਹੀ ਦੇ ਤੁਲਸੀ ਰਾਮ ਨੇ 1323 ਵਿਚ ਪਿੰਡ ਚਕਰ ਦੀ ਮੋਹੜੀ ਗੱਡੀ। ਉਹ 'ਉੱਚ ਦੇ ਪੀਰ' ਦੇ ਪ੍ਰਭਾਵ ਨਾਲ ਇਸਲਾਮ ਵਿਚ ਆਇਆ ਅਤੇ ਉਸ ਦਾ ਨਾਂ ਸਿਰਾਜਉਦੀਨ ਉਰਫ਼ ਸ਼ੇਖ਼ ਚੱਕੂ ਰੱਖਿਆ ਗਿਆ। ਸ਼ੇਖ਼ ਚੱਕੂ ਦੀ ਛੇਵੀਂ ਪੀੜ੍ਹੀ 'ਚ ਰਾਏ ਕਮਾਲਉਦੀਨ ਪਹਿਲਾ ਤੇ ਸੱਤਵੀਂ ਪੀੜ੍ਹੀ 'ਚ ਰਾਏ ਕੱਲ੍ਹਾ ਪਹਿਲਾ ਹੋਇਆ ਜਿਸ ਨੂੰ ਸੁਲਤਾਨ ਅਲਾਉਦੀਨ ਗੌਰੀ ਨੇ ਰਾਏਕੋਟ ਦੇ ਆਲੇ ਦੁਆਲੇ ਦਾ ਕਾਫੀ ਸਾਰਾ ਇਲਾਕਾ ਜਗੀਰ ਵਜੋਂ ਦੇ ਕੇ 'ਰਾਏ' ਦਾ ਖ਼ਿਤਾਬ ਬਖਸ਼ਿਆ। ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਰਾਏ ਕੱਲ੍ਹਾ ਪਹਿਲਾ ਨੇ 1478 ਈਸਵੀ ਵਿਚ ਪਿੰਡ ਤਲਵੰਡੀ ਰਾਏ ਬੰਨ੍ਹਿਆਂ।

ਰਾਏ ਕੱਲ੍ਹਾ ਪਹਿਲਾ ਦੀ ਪੀੜ੍ਹੀ ਅੱਗੇ ਤੁਰਦੀ ਰਾਏ ਕਮਾਲਉਦੀਨ ਪਹਿਲਾ, ਰਾਏ ਅਹਿਮਦ ਜਿਸ ਨੇ 1648 ਵਿਚ ਰਾਏਕੋਟ ਬੱਧਾ, ਫਿਰ ਰਾਏ ਕਮਾਲਉਦੀਨ ਦੂਜਾ ਜਿਸ ਨੇ 1680 ਵਿਚ ਜਗਰਾਓਂ ਦੀ ਮੋਹੜੀ ਗੱਡੀ। ਅੱਗੇ ਰਾਏ ਕੱਲ੍ਹਾ ਦੂਜਾ, ਰਾਏ ਕਮਾਲਉਦੀਨ ਤੀਜਾ ਤੇ ਰਾਏ ਕੱਲ੍ਹਾ ਤੀਜਾ। ਅਗਾਂਹ ਰਾਏ ਮੁਹੰਮਦ, ਰਾਏ ਇਲੀਆਸ, ਨੂਰ-ਉਲ-ਨਿਸਾ ਰਾਣੀ ਭਾਗ ਭਰੀ, ਰਾਏ ਇਮਾਮ ਬਖ਼ਸ਼, ਰਾਏ ਫੈਜ਼ ਤਲਬ ਖਾਂ, ਰਾਏ ਇਨਾਇਤ ਖਾਂ, ਰਾਏ ਫ਼ਕੀਰਉੱਲਾ ਖਾਂ ਅਤੇ ਰਾਏ ਅਜ਼ੀਜ਼ਉੱਲਾ ਖਾਂ। ਅਜ਼ੀਜ਼ਉੱਲਾ ਦਾ ਵਾਰਸ ਹੈ ਰਾਏ ਮੁਹੰਮਦ ਅਲੀ ਖਾਂ ਤੇ ਉਸ ਦਾ ਪੁੱਤਰ ਹੈ ਰਾਏ ਮੁਹੰਮਦ ਸਲਾਹੁਦੀਨ ਜਿਸ ਦਾ ਜਨਮ 2023 ਵਿਚ ਹੋਇਆ।

ਰਾਏ ਕੱਲ੍ਹਾ ਤੀਜਾ ਉਦੋਂ ਰਾਏਕੋਟ ਰਿਆਸਤ ਦਾ ਹਾਕਮ ਸੀ ਜਦੋਂ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ 'ਚੋਂ ਨਿਕਲੇ। ਉਥੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸ਼ਹੀਦ ਹੋ ਗਏ ਸਨ। ਮਾਛੀਵਾੜੇ ਦੇ ਜੰਗਲਾਂ ਵਿਚ ਗੁਰੂ ਜੀ ਨੂੰ ਗ਼ਨੀ ਖਾਂ ਤੇ ਨਬੀ ਖਾਂ ਮਿਲੇ ਜੋ ਘੋੜਿਆਂ ਦੇ ਵਪਾਰੀ ਤੇ 'ਉੱਚ ਦੇ ਪੀਰ' ਦੇ ਮੁਰੀਦ ਸਨ। ਉਹ ਅਨੰਦਪੁਰ ਸਾਹਿਬ ਘੋੜੇ ਲੈ ਕੇ ਜਾਂਦੇ ਸਨ ਜਿਸ ਕਰਕੇ ਗੁਰੂ ਜੀ ਨੂੰ ਪਛਾਣਦੇ ਸਨ। ਸੰਕਟ ਦੇ ਸਮੇਂ ਉਨ੍ਹਾਂ ਨੇ ਗੁਰੂ ਜੀ ਨੂੰ ਉੱਚ ਦੇ ਪੀਰ ਵਾਲਾ ਵੇਸ ਪੁਆ ਕੇ ਪਲੰਘ ਉਤੇ ਬਿਠਾਇਆ ਤੇ ਫੌਜਾਂ ਦੇ ਘੇਰੇ ਵਿਚੋਂ ਨਿਕਲੇ। ਸੰਭਵ ਹੈ ਉਥੇ ਉਨ੍ਹਾਂ ਨੇ ਉੱਚ ਦੇ ਪੀਰੀ ਵਾਲੇ ਵੇਸ ਨਾਲ ਰੇਹਲ ਸਮੇਤ ਕੁਰਾਨ ਸ਼ਰੀਫ਼ ਤੇ ਗੰਗਾ ਸਾਗਰ ਵੀ ਦਿੱਤਾ ਹੋਵੇ। ਮਾਛੀਵਾੜੇ ਦੇ ਜੰਗਲਾਂ ਵਿਚੋਂ ਨਿਕਲ ਕੇ ਆਲਮਗੀਰ ਹੁੰਦੇ ਹੋਏ ਉਹ ਪਿੰਡ ਹੇਰ੍ਹਾਂ ਵਿਚ ਮਹੰਤ ਕਿਰਪਾਲ ਦਾਸ ਦੇ ਡੇਰੇ ਪੁੱਜੇ। ਉਥੋਂ ਗ਼ਨੀ ਖਾਂ ਤੇ ਨਬੀ ਖਾਂ ਨੂੰ ਕੁਰਾਨ ਸ਼ਰੀਫ਼ ਦੇ ਕੇ ਵਾਪਸ ਭੇਜ ਦਿੱਤਾ। ਮਹੰਤ ਮੁਗ਼ਲਾਂ ਦੇ ਡਰ ਦਾ ਮਾਰਿਆ ਗੁਰੂ ਜੀ ਨੂੰ ਠਾਹਰ ਨਾ ਦੇ ਸਕਿਆ।

1705 ਦੇ ਪਹਿਲੇ ਹਫ਼ਤੇ ਗੁਰੂ ਜੀ ਰਾਏਕੋਟ ਦੀ ਜੂਹ ਵਿਚ ਪਹੁੰਚੇ। ਉਸ ਸਮੇਂ ਗੁਰੂ ਜੀ ਨੂੰ ਠਾਹਰ ਦੇਣੀ ਔਰੰਗਜ਼ੇਬ ਦੇ ਕਹਿਰ ਨੂੰ ਸੱਦਾ ਦੇਣਾ ਸੀ। ਪਰ ਅਸ਼ਕੇ ਜਾਈਏ ਉਸ ਦਲੇਰ ਮਰਦ ਰਾਏ ਕੱਲ੍ਹੇ ਦੇ, ਜੀਹਨੇ ਜ਼ਾਲਮ ਬਾਦਸ਼ਾਹ ਦੇ ਕਹਿਰ ਦੀ ਪਰਵਾਹ ਨਾ ਕਰਦਿਆਂ ਗੁਰੂ ਜੀ ਨੂੰ ਸ਼ਰਧਾ ਤੇ ਪ੍ਰੇਮ ਨਾਲ ਨਿਵਾਸ ਦਿੱਤਾ ਅਤੇ ਆਪਣੇ ਵਿਸ਼ਵਾਸਪਾਤਰ ਨੂਰੇ ਮਾਹੀ ਨੂੰ ਗੁਰੂ ਜੀ ਦੀ ਟਹਿਲ ਸੇਵਾ ਵਿਚ ਲਾਇਆ। ਇਹ ਰਾਏ ਖ਼ਾਨਦਾਨ ਦਾ ਅਜਿਹਾ ਸੁਭ ਕਰਮ ਸੀ ਜਿਸ ਨੂੰ ਸਿੱਖ ਕਦੇ ਵੀ ਨਹੀਂ ਭੁਲਾ ਸਕਦੇ।

ਸਾਖੀ ਪ੍ਰਚਲਿਤ ਹੈ ਕਿ ਨੂਰਾ ਮਾਹੀ ਮੱਝਾਂ ਚਰਾ ਰਿਹਾ ਸੀ ਜਦੋਂ ਗੁਰੂ ਜੀ ਉਥੇ ਪੁੱਜੇ। ਨੂਰੇ ਮਾਹੀ ਨੇ ਸੇਵਾ ਪੁੱਛੀ। ਉਨ੍ਹਾਂ ਨੇ ਜਲ ਜਾਂ ਦੁੱਧ ਛਕਣ ਦੀ ਇੱਛਾ ਪਰਗਟ ਕੀਤੀ। ਨੂਰੇ ਕੋਲ ਬਰਤਨ ਕੋਈ ਨਹੀਂ ਸੀ। ਤਦ ਗੁਰੂ ਜੀ ਨੇ ਨੂਰੇ ਮਾਹੀ ਨੂੰ ਗੰਗਾ ਸਾਗਰ ਫੜਾਉਂਦਿਆਂ ਆਖਿਆ ਕਿ ਔਸਰ ਝੋਟੀ ਨੂੰ ਥਾਪੀ ਦੇ ਕੇ ਚੋਣ ਦੀ ਕੋਸ਼ਿਸ਼ ਕਰ। ਨੂਰੇ ਮਾਹੀ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਝੋਟੀ ਨੇ ਦੁੱਧ ਲਾਹ ਲਿਆ ਤੇ ਉਹ ਛੇਕਾਂ ਵਾਲੇ ਬਰਤਨ ਵਿਚੋਂ ਡੁੱਲ੍ਹਿਆ ਵੀ ਨਾ। ਉਹ ਭੱਜਾ ਭੱਜਾ ਆਪਣੇ ਮਾਲਕ ਪਾਸ ਪੁੱਜਾ ਤੇ ਆਖਣ ਲੱਗਾ ਆਪਣੇ ਕੋਲ ਕੋਈ ਰੱਬ ਦਾ ਬੰਦਾ ਆਇਆ ਹੈ। ਰਾਏ ਕੱਲ੍ਹਾ ਉਸੇ ਵੇਲੇ ਗੁਰੂ ਜੀ ਪਾਸ ਆਇਆ ਅਤੇ ਅਦਬ ਸਤਿਕਾਰ ਨਾਲ ਆਪਣੇ ਪਾਸ ਠਹਿਰਨ ਦੀ ਬੇਨਤੀ ਕੀਤੀ।

ਰਾਏ ਕੱਲ੍ਹੇ ਨੂੰ ਮਿਲਣ ਤਕ ਗੁਰੂ ਜੀ ਨੂੰ ਪਤਾ ਨਹੀਂ ਸੀ ਕਿ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਨਾਲ ਕੀ ਭਾਣਾ ਵਰਤਿਆ? ਗੁਰੂ ਜੀ ਦੇ ਕਹਿਣ 'ਤੇ ਰਾਏ ਕੱਲ੍ਹੇ ਨੇ ਆਪਣੇ ਭਰੋਸੇਯੋਗ ਨੌਕਰ ਨੂਰੇ ਮਾਹੀ ਨੂੰ ਸਰਹੰਦ ਭੇਜਿਆ ਤਾਂ ਜੋ ਗੁਰੂ ਜੀ ਦੇ ਪਰਿਵਾਰ ਦੀ ਕੋਈ ਉੱਘ ਸੁੱਘ ਮਿਲ ਸਕੇ। ਨੂਰੇ ਦੀ ਭੈਣ ਨੂਰਾਂ ਸਰਹੰਦ ਵਿਆਹੀ ਹੋਈ ਸੀ। ਗੁਰੂ ਜੀ ਨਾਲ ਕਰਾਮਾਤਾਂ ਜੋੜਨ ਵਾਲਿਆਂ ਨੂੰ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਆਪਣੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਕਿਸੇ ਕਰਾਮਾਤ ਨਾਲ ਨਹੀਂ, ਨੂਰੇ ਮਾਹੀ ਰਾਹੀਂ ਮਿਲੀ ਸੀ। ਉਸ ਵੇਲੇ ਗੁਰੂ ਜੀ ਦੇ ਦਿਲ 'ਤੇ ਜੋ ਬੀਤੀ ਹੋਵੇਗੀ ਉਹਦਾ ਅੰਦਾਜ਼ਾ ਸੰਵੇਦਨਸ਼ੀਲ ਵਿਅਕਤੀ ਹੀ ਲਾ ਸਕਦੇ ਹਨ। ਗੁਰੂ ਜੀ ਤੀਰ ਨਾਲ ਦੱਭ ਦੀ ਜੜ੍ਹ ਪੁੱਟਦਿਆਂ ਬੋਲੇ ਕਿ ਜੀਹਨੇ ਇਹ ਜ਼ੁਲਮ ਕੀਤਾ ਉਹਦੀ ਜੜ੍ਹ ਵੀ ਇਸੇ ਤਰ੍ਹਾਂ ਪੁੱਟੀ ਜਾਵੇਗੀ।

ਰਾਏਕੋਟ ਤੋਂ ਵਿਦਾ ਹੁੰਦਿਆਂ ਗੁਰੂ ਜੀ ਨੇ ਰਾਏ ਕੱਲ੍ਹਾ ਦੀ ਇਨਸਾਨੀ ਹਮਦਰਦੀ, ਨਿਸ਼ਕਾਮ ਸੇਵਾ ਤੇ ਕੁਰਬਾਨੀ ਦਾ ਸ਼ੁਕਰਾਨਾ ਕਰਿਦਆਂ ਉਸ ਨੂੰ ਗੰਗਾ ਸਾਗਰ, ਸ੍ਰੀ ਸਾਹਿਬ ਤੇ ਰੇਹਲ ਤਿੰਨ ਤੋਹਫੇ ਪ੍ਰੇਮ ਸਹਿਤ ਦਿੱਤੇ। ਗੁਰੂ ਗੋਬਿੰਦ ਸਿੰਘ ਜੀ ਦੇ ਕਰਕਮਲਾਂ ਦੁਆਰਾ ਬਖਸ਼ੇ ਇਹ ਤੋਹਫੇ ਅਜ਼ੀਜ਼ਉੱਲਾ ਖਾਂ ਦੇ ਵਡੇਰਿਆਂ ਨੇ ਬੜੀ ਸ਼ਰਧਾ ਨਾਲ ਸੰਭਾਲ ਕੇ ਰੱਖੇ। ਫਿਰ ਵੀ ਲਕੜੀ ਦੀ ਰੇਹਲ ਸਮੇਂ ਨਾਲ ਨਸ਼ਟ ਹੋ ਗਈ ਤੇ ਤਲਵਾਰ ਅੰਗਰੇਜ਼ ਹਾਕਮਾਂ ਨੇ ਹਥਿਆ ਲਈ। ਰਾਏ ਖਾਨਦਾਨ ਪਾਸ ਗੰਗਾ ਸਾਗਰ ਹੀ ਸੁਰੱਖਿਅਤ ਰਹਿ ਸਕਿਆ ਜਿਸ ਦੀ ਉਹ ਸਵਾ ਤਿੰਨ ਸੌ ਸਾਲਾਂ ਤੋਂ ਪੀੜ੍ਹੀ ਦਰ ਪੀੜ੍ਹੀ ਸੇਵਾ ਸੰਭਾਲ ਕਰਦਾ ਆ ਰਿਹੈ। ਗੰਗਾ ਸਾਗਰ ਦੀ ਵਡਿਆਈ ਗੁਰੂ ਜੀ ਦੇ ਪਵਿਤਰ ਹੱਥਾਂ ਦੀ ਛੋਹ ਪ੍ਰਾਪਤ ਹੋਣ ਵਿਚ ਹੈ। ਕਈ ਪੀੜ੍ਹੀਆਂ ਤੋਂ ਰਾਏ ਪਰਿਵਾਰ ਇਕਲੌਤੇ ਪੁੱਤਰਾਂ ਦੇ ਰੂਪ ਵਿਚ ਹੀ ਵਿਗਸ ਰਿਹਾ ਹੈ।

1947 ਦੇ ਉਜਾੜੇ ਤੋਂ 47 ਸਾਲਾਂ ਬਾਅਦ 1994 ਵਿਚ ਇੰਗਲੈਂਡ ਦੀ ਸੰਗਤ ਨੂੰ ਗੰਗਾ ਸਾਗਰ ਦੇ ਦਰਸ਼ਨ ਕਰਵਾਏ ਗਏ ਸਨ। ਸਪਤਾਹਿਕ 'ਦੇਸ ਪ੍ਰਦੇਸ' ਦੇ 10 ਜੂਨ 1994 ਦੇ ਮੋਮੀ ਟਾਈਟਲ ਉਤੇ ਗੰਗਾ ਸਾਗਰ ਦੀ ਰੰਗੀਨ ਤਸਵੀਰ ਛਾਪੀ ਗਈ ਸੀ ਜੋ ਸ਼ਰਧਾਲੂਆਂ ਨੇ ਫਰੇਮ ਕਰਾ ਕੇ ਘਰੋ ਘਰੀ ਸਜਾ ਲਈ। ਉਦੋਂ ਤੋਂ ਅਜ਼ੀਜ਼ਉੱਲਾ ਖਾਂ ਇੰਗਲੈਂਡ, ਮਲੇਸ਼ੀਆ, ਆਸਟ੍ਰੇਲੀਆ, ਨਿਊਜ਼ੀਲੈਂਡ, ਭਾਰਤ, ਹਾਂਗਕਾਂਗ, ਅਮਰੀਕਾ ਤੇ ਕੈਨੇਡਾ ਆਦਿ ਮੁਲਕਾਂ ਵਿਚ ਸੰਗਤਾਂ ਨੂੰ ਗੰਗਾ ਸਾਗਰ ਦੇ ਦਰਸ਼ਨ ਕਰਵਾਉਂਦੇ ਆ ਰਹੇ ਹਨ। 2017 ਵਿਚ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ 'ਤੇ ਮਲੇਸ਼ੀਆ ਸਰਕਾਰ ਨੇ ਗੰਗਾ ਸਾਗਰ ਅਤੇ ਅਜ਼ੀਜ਼ਉੱਲਾ ਦੀ ਤਸਵੀਰ ਵਾਲੀ ਵਿਸ਼ੇਸ਼ ਡਾਕ ਟਿਕਟ ਜਾਰੀ ਕੀਤੀ। ਰਾਏਕੋਟ ਵਿਖੇ ਗੰਗਾ ਸਾਗਰ ਪਾਰਕ ਬਣਾਇਆ। ਸ੍ਰੀ ਹਰਿਮੰਦਰ ਸਾਹਿਬ ਦੇ ਕੇਂਦਰੀ ਸਿੱਖ ਅਜਾਇਬ ਘਰ ਵਿਚ ਗੰਗਾ ਸਾਗਰ ਨਾਲ ਸੰਬੰਧਿਤ ਚਿੱਤਰ ਸਜਾਏ ਗਏ। ਤਲਵੰਡੀ ਰਾਏ ਵਿਚ ਗੁਰਦਵਾਰਾ ਗੰਗਾ ਸਾਗਰ ਸੁਭਾਏਮਾਨ ਹੈ।

1971 ਵਿਚ ਭਾਸ਼ਾ ਵਿਭਾਗ ਪੰਜਾਬ ਨੇ ਰਾਏਕੋਟ ਦੇ ਸਰਵੇ ਦੀ ਪੁਸਤਕ ਪ੍ਰਕਾਸ਼ਿਤ ਕੀਤੀ ਸੀ। ਉਸ ਸਮੇਂ 85 ਸਾਲਾਂ ਦੇ ਇਕ ਵਿਅਕਤੀ ਉਤਮ ਚੰਦ ਵੋਹਰਾ ਨੇ ਜੋ ਰਾਣੀ ਭਾਗ ਭਰੀ ਦੇ ਅਹਿਲਕਾਰ ਲਾਲਾ ਦੁਨੀ ਚੰਦ ਵੋਹਰਾ ਦਾ ਅੱਠਵਾਂ ਵਾਰਸ ਸੀ, ਦੱਸਿਆ ਕਿ ਰਾਵਲਪਿੰਡੀ ਦੇ ਸਿੱਖਾਂ ਨੇ 1947 ਤੋਂ ਪਹਿਲਾਂ ਰਾਏ ਅਨਾਇਤ ਖਾਂ ਨੂੰ ਤਿੰਨ ਲੱਖ ਰੁਪਏ ਦੀ ਪੇਸ਼ਕਸ਼ ਕੀਤੀ ਸੀ ਪਈ ਗੰਗਾ ਸਾਗਰ ਸਾਨੂੰ ਸੌਂਪ ਦਿਓ। ਰਾਏ ਸਾਹਿਬ ਦਾ ਜਵਾਬ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਬਖ਼ਸ਼ਿਸ਼ ਅਨਮੋਲ ਹੈ ਜਿਸ ਦੀ ਅਸੀਂ ਸਦਾ ਸ਼ਰਧਾ ਨਾਲ ਸੰਭਾਲ ਕਰਦੇ ਰਹਾਂਗੇ। ਜੋ ਖ਼ੁਸ਼ੀ ਹਰ ਸਾਲ ਪੰਜਾਹ ਹਜ਼ਾਰ ਸੰਗਤਾਂ ਨੂੰ ਗੰਗਾ ਸਾਗਰ ਦੇ ਦਰਸ਼ਨ ਕਰਵਾ ਕੇ ਮਿਲਦੀ ਹੈ ਉਹ ਦੁਨਿਆਵੀ ਦੌਲਤਾਂ ਤੋਂ ਕਿਤੇ ਉਤੇ ਹੈ।

ਰਾਏ ਅਜ਼ੀਜ਼ਉੱਲਾ ਖਾਂ ਨਿਮਰ, ਮਿਠਬੋਲੜੇ ਤੇ ਮਿਲਵਰਤਨ ਵਾਲੇ ਦਾਨੇ ਇਨਸਾਨ ਹਨ। ਅਸੀਂ ਉਨ੍ਹਾਂ ਦੇ ਸ਼ੁਕਰਗੁਜਾਰ ਹਾਂ ਕਿ 5 ਅਗੱਸਤ 2024 ਨੂੰ ਉਹ ਟੋਰਾਂਟੋ ਕਿਸੇ ਵਿਆਹ 'ਤੇ ਆਏ ਸਾਡੇ ਘਰ ਵੀ ਪਧਾਰੇ ਜਿਥੇ ਵਰਿਆਮ ਸਿੰਘ ਸੰਧੂ ਤੇ ਮੇਰੇ ਪਰਿਵਾਰ ਨਾਲ ਖੁੱਲ੍ਹੀਆਂ ਗੱਲਾਂ ਕੀਤੀਆਂ। ਫੋਟੋ ਸੈਸ਼ਨ ਦੌਰਾਨ ਗੰਗਾ ਸਾਗਰ ਸੰਬੰਧੀ ਮੈਟਰ ਪੜ੍ਹਨ ਨੂੰ ਦਿੱਤਾ। ਮੈਂ ਵੀ ਆਪਣੀ ਸਵੈਜੀਵਨੀ 'ਹਸੰਦਿਆਂ ਖੇਲੰਦਿਆਂ' ਦਾ ਲਾਹੌਰੋਂ ਛਪਵਾਇਆ ਸ਼ਾਹਮੁਖੀ ਰੂਪ ਉਨ੍ਹਾਂ ਨੂੰ ਭੇਟ ਕੀਤਾ।

ਗੰਗਾ ਸਾਗਰ ਦੀ ਵਡਿਆਈ ਇਸ ਦੇ ਚਮਤਕਾਰੀ ਲੋਟਾ ਹੋਣ ਵਿਚ ਨਹੀਂ ਸਗੋਂ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਕਰਕਮਲਾਂ ਨਾਲ ਵਰੋਸਾਈ, ਮਜ਼੍ਹਬਾਂ, ਨਸਲਾਂ, ਜਾਤਾਂ, ਕੌਮਾਂ ਤੇ ਦੇਸ਼ਾਂ ਦੀਆਂ ਹੱਦਾਂ ਤੋਂ ਉਪਰ ਉਠੀ, ਇਨਸਾਨੀ ਹਮਦਰਦੀ ਤੇ ਮੁਹੱਬਤ ਦੀ ਮੁਤਬਰਕ ਨਿਸ਼ਾਨੀ ਹੋਣ ਵਿਚ ਹੈ। ਗੰਗਾ ਸਾਗਰ ਅਤੇ ਕਰਤਾਰਪੁਰ ਲਾਂਘਾ ਹਿੰਦ-ਪਾਕਿ ਰਿਸ਼ਤਿਆਂ ਵਿਚਕਾਰ ਇਨਸਾਨੀਅਤ ਤੇ ਮੁਹੱਬਤ ਦੇ ਪੁਲ ਬਣ ਸਕਦੇ ਹਨ।

ਬਰੈਂਪਟਨ ਵਿਖੇ ਕੈਸਲਮੋਰ ਤੇ ਦਿ ਗੋਰ ਰੋਡ ਕਾਰਨਰ 'ਤੇ ਬਣੇ ਗੁਰਦਵਾਰਾ ਨਾਨਕਸਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਉਪਰੰਤ 1 ਸਤੰਬਰ 2024 ਨੂੰ ਸਵੇਰੇ 10 ਤੋਂ 12 ਵਜੇ ਤੱਕ ਸੰਗਤਾਂ ਨੂੰ ਗੰਗਾ ਸਾਗਰ ਦੇ ਦਰਸ਼ਨ ਕਰਵਾਏ ਜਾਣਗੇ। ਉਦਣ ਰਾਏ ਅਜ਼ੀਜ਼ਉੱਲਾ ਖਾਂ ਵੀ ਸੰਗਤ ਨੂੰ ਸੰਬੋਧਨ ਹੋਣਗੇ।

principalsarwansingh@gmail.com







